
FARM AND SPICE
Open 7 Days a Week
8.30 am to 9.00 pm
SPECIAL OFFERS: 5-11 JAN
Daily Specials on
ਧਨੀਆ
Cilantro
69¢ each
ਐਂਬ੍ਰੋਸੀਆ ਸੇਬ
Ambrosia Apple
99¢ /lb
ਗਾਲਾ ਬੀ ਸੀ ਸੇਬ
Gala BC Apple
99¢ /lb
ਲਸਣ
Garlic 3's
69¢ each
ਹਰੇ ਨਿੰਬੂ
Lime
2 for $1.00
ਆਵੋਕਾਡੋ
Avocado
99¢ each
ਜੰਬੋ ਬੈਂਗਣ
Eggplant
Jumbo
$1.99 each
ਬ੍ਰੋਕਲੀ
Brocolli
$1.99 /lb
ਫੁੱਲ ਗੋਭੀ
Cauliflower
$2.99 each
ਸਰੋਂ ਦਾ ਤੇਲ
Gagan
Mustard Oil
250ml
$1.49 each
ਸਰੋਂ ਦਾ ਸਾਗ
Sohna
Saron Da Saag
850g
$3.99 each
ਮੈਂਗੋ ਜੂਸ
ITN
Mango Juice
1.5Ltr
$2.99 each
ਅਨਾਰ
Pomegranate
$2.99 each
ਐਸੋਟਿਡ ਰੱਸ
Aap Ki Pasand
Assorted Rusk
600g
$3.99 each
LOHRI SPECIAL
ਕੈਂਟੀਨ ਗੱਚਕ
Canteen
Peanut Gachak
$3.99 each
ਮੂੰਗਫਲੀ
Peanut
in Shell
$2.49 /lb
ਅਖ਼ਰੋਟ
Walnuts
Bulk
$4.49 /lb
AMA Products at
lowest Price
Disposable 7' Spoons
20pcs
$1.29 each
40pcs
$3.99 each
7' Round Plates
9 oz paper cups
50pcs
$3.99 each
40pcs
$9.99 each
6 Compartment cornstarch trays
ਮੇਰੀ ਚਾਹ
Meri Chai
Tea Bags
216Bags
$5.49 each
ਪਾਰਲੀਮੈਂਟ ਚਾਵਲ
Parliament
Basmati Rice
8 lb
$7.99 each
ਆਈ ਟੀ ਐਨ ਚਾਵਲ
ITN Basmati
Super Long Rice
8 lb
$9.99 each
ਕ੍ਰਾਊਨ ਤੇਲ
Crown
Sunflower Oil
3 ltr
$12.99 each
#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

## ਐਸ.ਵਾਈ.ਐਲ. ਜ਼ਬਰੀ ਬਣਾਉਣ ਦਾ ਫੁਰਮਾਨ ਪੰਜਾਬ ਲਈ ਕਾਲੇ ਵਰੰਟਾਂ ਦੇ ਤੁੱਲ ਹੋਵੇਗਾ:ਪੰਥ ਸੇਵਕ ਸ਼ਖ਼ਸੀਅਤਾਂ

# ਪੰਜਾਬ ਦੇ ਪਾਣੀਆਂ ਲਈ ਪੰਜਾਬ ਦੇ ਲੋਕਾਂ ਨੂੰ ਇਕਜੁੱਟ ਹੋਣਾ ਚਾਹੀਦੈ



ਅੰਮ੍ਰਿਤਸਰ: ਪੰਥ ਸੇਵਕ ਸ਼ਖ਼ਸੀਅਤਾਂ ਨੇ ਅੱਜ ਇਕ ਸਾਂਝੇ ਬਿਆਨ ਰਾਹੀਂ ਕਿਹਾ ਹੈ ਕਿ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਇਸ ਵੇਲੇ ਇੰਡੀਆ ਦੀਆਂ ਨਵ-ਬਸਤੀਵਾਦੀ ਨੀਤੀਆਂ ਕਾਰਨ ਪਾਣੀ ਦੇ ਗੰਭੀਰ ਸੰਕਟ ਦੇ ਸਨਮੁਖ ਹੈ। ਅੰਤਰਰਾਸ਼ਟਰੀ ਨੇਮਾਂ ਅਤੇ ਰਿਪੇਰੀਅਨ ਸਿਧਾਂਤ ਅਨੁਸਾਰ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਦੇ ਪਾਣੀ ਉੱਤੇ ਪੰਜਾਬ ਦਾ ਮਾਲਕੀ ਹੱਕ ਹੈ। ਰਾਜਿਸਥਾਨ, ਦਿੱਲੀ ਅਤੇ ਹਰਿਆਣਾ ਨਾ ਤਾਂ ਇਹਨਾ ਦਰਿਆਵਾਂ ਦੇ ਤਟਵਰਤੀ (ਰਿਪੇਰੀਅਨ) ਰਾਜ ਹਨ ਤੇ ਨਾ ਹੀ ਪੰਜਾਬ ਦੇ ਦਰਿਆਵਾਂ ਦੇ ਖੇਤਰ ਹਨ। ਇਹਨਾਂ ਰਾਜਾਂ ਦਾ ਨਾ ਤਾਂ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਕੋਈ ਕਨੂੰਨੀ ਹੱਕ ਹੀ ਬਣਦਾ ਹੈ ਅਤੇ ਨਾ ਹੀ ਪੰਜਾਬ ਕੋਲ ਇਹਨਾਂ ਨੂੰ ਦੇਣ ਯੋਗਾ ਵਾਧੂ ਪਾਣੀ ਹੀ ਹੈ। ਮੌਜੂਦਾ ਸਮੇਂ ਜਦੋਂ ਪੰਜਾਬ ਆਪ ਹੀ ਪਾਣੀ ਦੀ ਥੁੜ ਦੀ ਮਾਰ ਝੱਲ ਰਿਹਾ ਹੈ ਤਾਂ ਅਜਿਹੇ ਵਿਚ ਸਤਲੁਜ ਯਮੁਨਾ ਲਿੰਕ ਨਹਿਰ ਬਣਾ ਕੇ ਪੰਜਾਬ ਦਾ ਹੋਰ ਦਰਿਆਈ ਪਾਣੀ ਗੈਰ-ਤਟਵਰਤੀ ਸੂਬਿਆਂ ਨੂੰ ਚੋਣ ਦਾ ਫੈਸਲਾ ਕਰਨਾ ਪੰਜਾਬ ਵਿਰੁਧ 'ਕਾਲੇ ਵਰੰਟ' ਜਾਰੀ ਕਰਨ ਦੇ ਤੁੱਲ ਹੋਵੇਗਾ। ਇਸ ਬਿਆਨ ਵਿਚ ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਅਮਰੀਕ ਸਿੰਘ ਈਸੜੂ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਮਨਜੀਤ ਸਿੰਘ ਫਗਵਾੜਾ ਅਤੇ ਭਾਈ ਸੁਖਦੇਵ ਸਿੰਘ ਡੋਡ ਨੇ ਕਿਹਾ ਕਿ ਮੌਜੂਦਾ ਸਥਿਤੀ ਵਿਚ ਜੇਕਰ ਕੇਂਦਰ ਸਰਕਾਰ ਪੰਜਾਬ ਦੇ ਕੁਦਰਤੀ ਸਰੋਤ ਪਾਣੀ ਦੀ ਲੁੱਟ ਕਰਨ ਦੀ ਨੀਤੀ ਨੂੰ ਅੱਗੇ ਵਧਾਉਂਦਿਆਂ ਐਸ.ਵਾਈ.ਐਲ. ਨਹਿਰ ਜ਼ਬਰੀ ਬਣਾਉਣ ਦਾ ਫੈਸਲਾ ਠੋਸਦੀ ਹੈ ਤਾਂ ਪੰਜਾਬ ਦੇ ਲੋਕਾਂ ਲਈ ਇਕੋ-ਇਕ ਸੰਘਰਸ਼ ਦਾ ਰਸਤਾ ਹੀ ਬਚਦਾ ਹੈ ਜਿਸ ਵਾਸਤੇ ਤਿਆਰ ਰਹਿਣਾ ਚਾਹੀਦਾ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦੀ ਜੱਦ ਜਹਿਦ ਪੰਜਾਬ ਦੀ ਸੱਭਿਅਤਾ ਦੀ ਹੱਦ ਬਚਾਈ ਰੱਖਣ ਦੀ ਲੜਾਈ ਹੈ ਜਿਸ ਲਈ ਪੂਰੇ ਸਮਾਜ ਨੂੰ ਇੱਕ ਜੁਟ ਹੋਣਾ ਚਾਹੀਦਾ ਹੈ। ਪੰਥ ਸੇਵਕਾਂ ਨੇ ਕਿਹਾ ਕਿ ਕੇਂਦਰ ਦੀਆਂ ਸਰਕਾਰਾਂ ਵੱਲੋਂ ਸਤਾ ਦੀ ਦੁਰਵਰਤੋਂ ਕਰਦਿਆਂ ਮਨਮਾਨੇ ਢੰਗ ਨਾਲ ਦਿੱਤੇ ਗਏ ਸਾਰੇ ਅਵਾਰਡ, ਠੋਸੇ ਗਏ ਸਮਝੌਤੇ ਅਤੇ ਰਿਪੇਰੀਅਨ ਸਿਧਾਂਤ ਨੂੰ ਅੱਖੋਂ ਪਰੋਖੇ ਕਰਕੇ ਨਿਆਂਪਾਲਿਕਾ ਵੱਲੋਂ ਕੀਤੇ ਗਏ ਗ਼ੈਰ-ਕਨੂੰਨੀ ਆਦੇਸ਼ ਤੇ ਹੁਕਮ, ਪੰਜਾਬ ਨਾਲ ਸਰੀਹਣ ਧੱਕੇਸ਼ਾਹੀ ਹਨ। ਇਸ ਅਨਿਆਈਂ ਵਰਤਾਰੇ ਨੂੰ ਪੰਜਾਬ ਦੇ ਲੋਕਾਂ ਨੇ ਨਾ ਤਾਂ ਕਦੇ ਪ੍ਰਵਾਨ ਕੀਤਾ ਹੈ ਤੇ ਨਾ ਹੀ ਕਦੇ ਕਰਨਗੇ। ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਾਮਲੇ ਵਿਚ ਸਿਆਸੀ ਪਾਰਟੀਆਂ ਤੇ ਪੰਜਾਬ ਦੀਆਂ ਸਰਕਾਰਾਂ ਪੰਜਾਬ ਦੇ ਹਿਤਾਂ ਦੀ ਰਾਖੀ ਕਰਨ ਵਿਚ ਨਾਕਾਮ ਰਹੀਆਂ ਹਨ। ਬੀਤੇ ਦੇ ਤਜ਼ਰਬੇ ਨੂੰ ਵੇਖਦਿਆਂ ਇਹਨਾ ਤੋਂ ਪੰਜਾਬ ਦੇ ਹਿਤਾਂ ਦੀ ਰਾਖੀ ਦੀ ਉਮੀਦ ਨਹੀਂ ਰੱਖੀ ਜਾ ਸਕਦੀ। ਪਹਿਲਾਂ ਵੀ ਐਸ.ਵਾਈ.ਐਲ. ਨਹਿਰ ਇਹਨਾ ਸਿਆਸੀ ਪਾਰਟੀਆਂ ਕਰਕੇ ਨਹੀਂ ਬਲਕਿ ਖਾੜਕੂ ਯੋਧਿਆਂ ਦੇ ਕਾਰਨਾਮਿਆਂ ਤੇ ਕੁਰਬਾਨੀਆਂ ਕਰਕੇ ਬੰਦ ਹੋਈ ਸੀ। ਪੰਥ ਸੇਵਕ ਸ਼ਖ਼ਸੀਅਤਾਂ ਨੇ ਕਿਹਾ ਕਿ ਇੰਡੀਆ ਦੇ ਮੌਜੂਦਾ ਨਿਜ਼ਾਮ ਤਹਿਤ ਵਿਧਾਨਪਾਲਕਾ, ਕਾਨੂੰਨ ਅਤੇ ਅਦਾਲਤੀ ਫੈਸਲਿਆਂ ਦੀ ਵਰਤੋਂ ਲੋਕ ਮਾਰ ਸਿਆਸੀ ਮੁਫਾਦਾਂ ਨੂੰ ਸਰ ਕਰਨ ਲਈ ਹੋ ਰਹੀ ਹੈ। ਅਜਿਹੇ ਵਿਚ ਐਸ.ਵਾਈ.ਐਲ ਨਹਿਰ ਦੇ ਮਾਮਲੇ ਵਿਚ ਭਾਰਤੀ ਸੁਪਰੀਮ ਕੋਰਟ ਵਿਚ ਹੋਣ ਵਾਲੀ ਸੁਣਵਾਈ ਤੋਂ ਪੰਜਾਬ ਦੇ ਹਿਤਾਂ ਦੀ ਰਾਖੀ ਦੀ ਉਮੀਦ ਨਹੀਂ ਹੈ। ਦੂਜੇ ਪਾਸੇ ਕੇਂਦਰ ਸਰਕਾਰ ਤੇ ਬਿਪਰਵਾਦੀ ਭਾਜਪਾ ਵਿਵਾਦਤ ਐਸ.ਵਾਈ.ਐਲ. ਨਹਿਰ ਦਾ ਮਸਲਾ ਮੁੜ ਭਖਾ ਕੇ ਪੰਜਾਬ ਵਿਰੁਧ ਬ੍ਰਿਤਾਂਤ ਖੜ੍ਹਾ ਕਰਨਾ ਚਾਹੁੰਦੀ ਹੈ ਤਾਂ ਕਿ ਕਿਰਸਾਨੀ ਸੰਘਰਸ਼ ਦੌਰਾਨ ਬਣੀ ਪੰਜਾਬ ਦੀ ਸਾਖ ਤੇ ਦੂਜੇ ਸੂਬਿਆਂ, ਖਾਸ ਕਰਕੇ ਹਰਿਆਣੇ ਨਾਲ ਉੱਭਰੀ ਭਾਈਚਾਰਕ ਸਾਂਝ ਨੂੰ ਤੋੜ ਸਕੇ। ਪੰਥ ਸੇਵਕਾਂ ਨੇ ਕਿਹਾ ਕਿ ਪੰਜਾਬ ਤੇ ਹਰਿਆਣੇ ਦੀਆਂ ਕਿਰਸਾਨ ਧਿਰਾਂ ਅਤੇ ਸਮਾਜ ਨੂੰ ਇਹ ਸਮਝਣ ਦੀ ਲੋੜ ਹੈ ਕਿ ਦਿੱਲੀ ਦਰਬਾਰ ਦੋਵਾਂ ਸੂਬਿਆਂ ਨੂੰ ਲੋਕਾਂ ਨੂੰ ਆਪਸ ਵਿਚ ਉਲਝਾਉਣ ਦਾ ਯਤਨ ਕਰ ਰਿਹਾ ਹੈ। ਇਸ ਲਈ ਇਸ ਮਸਲੇ ਨੂੰ ਨਾਜੁਕਤਾ ਨਾਲ ਨਜਿੱਠਣ ਦੀ ਲੋੜ ਹੈ। ਸਾਲ 1980 ਤੋਂ 2021 ਤੱਕ ਦੇ ਵਹਿਣ ਦੇ ਅੰਕੜੇ ਦੱਸਦੇ ਹਨ ਕਿ ਪੰਜਾਬ ਦੇ ਦਰਿਆਵਾਂ ਦਾ ਵਹਿਣ 30% ਘਟ ਜਾਣ ਕਾਰਨ ਪੰਜਾਬ ਕੋਲ ਐਸ.ਵਾਈ.ਐਲ. ਨਹਿਰ ਵਿਚ ਛੱਡਣ ਲਈ ਪਾਣੀ ਹੈ ਹੀ ਨਹੀਂ। ਵੈਸੇ ਵੀ ਹਿਰਆਣੇ ਨੇ ਇਸ ਅੰਦ ਪਈ ਨਹਿਰ ਦਾ 16.2 ਲੱਖ ਏਕੜ ਫੁੱਟ ਪਾਣੀ ਪਹਿਲਾਂ ਹੀ ਮਿਲ ਰਿਹਾ ਹੈ। ਪੰਜਾਬ ਦੇ ਦਰਿਆਈ ਪਾਣੀ ਗੈਰ-ਤਟਵਰਤੀ ਰਾਜਾਂ ਨੂੰ ਧੱਕੇ ਨਾਲ ਦਿੱਤੇ ਜਾਣ ਕਾਰਨ ਪੰਜਾਬ ਦੀ ਆਪਣੀ ਸਥਿਤੀ ਗੰਭੀਰ ਹੋ ਚੁੱਕੀ ਹੈ। ਅਜਿਹੇ ਵਿਚ ਹਰਿਆਣੇ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਲਈ ਸਾਲ 1994 ਵਿਚ ਹੋਏ ਸਮਝੌਤੇ ਅਨੁਸਾਰ ਯਮੁਨਾ ਦੇ ਵਾਧ ਪਾਣੀ ਵਿਚੋਂ 20 ਲੱਖ ਏਕੜ ਫੁੱਟ ਪਾਣੀ ਲੈਣ ਲਈ ਕੇਂਦਰ ਸਰਕਾਰ ਉੱਤੇ ਦਬਾਅ ਪਾਉਣਾ ਚਾਹੀਦਾ ਹੈ।

# ਦਲਿਤ ਔਰਤ ਉੱਪਰ ਜ਼ੁਲਮ

ਉੱਤਰ ਪ੍ਰਦੇਸ਼:-ਬਾਗਪਤ ਜ਼ਿਲੇ 'ਚ ਛੇੜਛਾੜ ਦਾ ਵਿਰੋਧ ਕਰਨ 'ਤੇ ਇਕ ਦਲਿਤ ਔਰਤ ਨੂੰ ਤੇਲ ਦੀ ਗਰਮ ਕੜਾਹੀ 'ਚ ਧੱਕਾ ਦਿੱਤੇ ਜਾਣ ਦੀ ਘਟਨਾ ਸਾਹਮਣੇ ਆਈ ਹੈ।ਇੰਡੀਅਨ ਐਕਸਪ੍ਰੈਸ ਮੁਤਾਬਕ 27 ਦਸੰਬਰ ਨੂੰ ਇੱਕ ਤੇਲ ਮਿੱਲ ਮਾਲਕ ਅਤੇ ਉਸ ਦੇ ਦੋ ਸਾਥੀਆਂ ਨੇ ਇੱਕ ਔਰਤ ਦਾ ਜਿਨਸੀ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਉਸ ਨੇ ਵਿਰੋਧ ਕੀਤਾ ਤਾਂ ਦੋਸ਼ੀ ਨੇ ਕਥਿਤ ਤੌਰ 'ਤੇ ਉਸ ਨੂੰ ਗਰਮ ਤੇਲ ਵਾਲੀ ਕੜਾਹੀ ਵਿੱਚ ਧੱਕਾ ਦੇ ਦਿੱਤਾ। ਪੁਲਿਸ ਨੇ ਦੱਸਿਆ ਕਿ ਔਰਤ ਦਾ ਅੱਧਾ ਸਰੀਰ, ਲੱਤਾਂ ਅਤੇ ਹੱਥ ਸੜ ਗਏ ਹਨ ਅਤੇ ਉਸ ਨੂੰ ਨਵੀਂ ਦਿੱਲੀ ਦੇ ਇੱਕ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।ਪੁਲੀਸ ਅਨੁਸਾਰ ਤਿੰਨੋਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

# ਕੈਨੇਡੀਅਨ ਸਿਆਸਤ ਖ਼ਾਲਿਸਤਾਨੀ ਤਾਕਤਾਂ ਦੀ ਪੁਸ਼ਤ-ਪਨਾਹੀ ਕਰ ਰਹੀ ਹੈ:ਜੈਸ਼ੰਕਰ

ਨਵੀਂ ਦਿੱਲੀ:-ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਪੁਸ਼ਟੀ ਕੀਤੀ ਹੈ ਕਿ ਕੈਨੇਡੀਅਨ ਰਾਜਨੀਤੀ ਨੇ ਖਾਲਿਸਤਾਨੀ ਤਾਕਤਾਂ ਨੂੰ ਥਾਂ ਦਿੱਤੀ ਹੈ ਅਤੇ ਉਨ੍ਹਾਂ ਨੂੰ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਹੈ, ਜੋ ਭਾਰਤ ਅਤੇ ਕੈਨੇਡਾ ਦੇ ਦੁਵੱਲੇ ਸਬੰਧਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਉਨ੍ਹਾਂ ਚਿੰਤਾ ਪ੍ਰਗਟਾਈ ਕਿ ਇਹ ਕਾਰਵਾਈਆਂ ਕਿਸੇ ਵੀ ਦੇਸ਼ ਦੇ ਹਿੱਤ ਵਿੱਚ ਨਹੀਂ ਹਨ। ਵਿਦੇਸ਼ ਮੰਤਰੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਭਾਰਤ ਵਿੱਚ ਜੀ-20 ਸੰਮੇਲਨ ਦਾ ਕੈਨੇਡਾ ਵਿੱਚ ਖਾਲਿਸਤਾਨੀ ਮੁੱਦੇ ਨਾਲ ਕੋਈ ਸਬੰਧ ਨਹੀਂ ਹੈ। ਖਾਲਿਸਤਾਨ ਦਾ ਮੁੱਦਾ ਸਾਲਾਂ ਪੁਰਾਣਾ ਹੈ।









# ਸ਼ਾਹਰੁਖ਼ ਖ਼ਾਨ ਵੱਲੋਂ ਡਾਲਰਾਂ ਖ਼ਾਤਰ ਵਿਦੇਸ਼ ਭੱਜਣ ਵਾਲੇ ਨੌਜੁਆਨਾਂ ਦੀਆਂ ਅੱਖਾਂ ਖੋਲ੍ਹਣ ਵਾਲੀ 'ਡੰਕੀ' ਫ਼ਿਲਮ




ਸ਼ਾਹਰੁਖ਼ ਖ਼ਾਨ ਨੇ ਇਸ ਸਾਲ ਅਪਣੀਆਂ ਫ਼ਿਲਮਾਂ ਵਿਚ ਖ਼ਾਸ ਸਮਾਜਕ ਸੰਦੇਸ਼ ਦੇਣ ਦਾ ਫ਼ੈਸਲਾ ਕੀਤਾ ਤੇ ਜਿਥੇ ਪਠਾਨ ਫ਼ਿਲਮ ਪੂਰੇ ਦੇਸ਼ ਨੂੰ ਕਿਸਾਨੀ, ਸਿਆਸੀ ਸੱਚ ਤੇ ਜਾਗਰੂਕਤਾ ਦੇ ਪ੍ਰਤੱਖ ਦਰਸ਼ਨ ਕਰਾਉਂਦੀ ਸੀ, ਇਸ ਸਾਲ ਦੀ ਆਖ਼ਰੀ ਫ਼ਿਲਮ 'ਡੰਕੀ' ਸਿਰਫ਼ ਪੰਜਾਬ ਨੂੰ ਸਮਰਪਿਤ ਹੈ। ਸ਼ਾਹਰੁਖ਼ ਵਰਗੇ ਸਿਤਾਰੇ ਨੂੰ ਪੰਜਾਬ ਦੀ ਇਸ ਸਮੱਸਿਆ ਤੇ ਇਕ ਬਾਲੀਵੁੱਡ ਫ਼ਿਲਮ ਬਣਾਉਣ ਬਾਰੇ ਖ਼ਿਆਲ ਹੀ ਕਿਵੇਂ ਆਇਆ? ਇਹ ਫ਼ਿਲਮ ਬਾਕਸ ਆਫ਼ਿਸ 'ਤੇ ਪੈਸਾ ਵਸੂਲ ਕਰਨ ਵਾਲੀ ਫ਼ਿਲਮ ਨਹੀਂ ਤੇ ਅਜੇ ਇਹ 200 ਕਰੋੜ ਟੱਪਣ ਦੇ ਕਰੀਬ ਹੀ ਆਈ ਹੈ।

ਭਾਵੇਂ ਇਹ ਰਾਜ ਕੁਮਾਰ ਹਿਰਾਨੀ ਦੀ ਫ਼ਿਲਮ ਹੈ, ਸਾਫ਼ ਹੈ ਕਿ ਇਸ ਫ਼ਿਲਮ ਨੂੰ ਬਣਾਉਣ ਵਿਚ ਪੈਸੇ ਦੀ ਬੱਚਤ ਕਰਨ ਵਾਸਤੇ ਕਈ ਦਿਸ਼ਾਵਾਂ ਵਿਚ ਕਟੌਤੀ ਕੀਤੀ ਗਈ ਹੈ। ਵਾਰ-ਵਾਰ ਇਹੀ ਖ਼ਿਆਲ ਆਉਂਦਾ ਹੈ ਕਿ ਸ਼ਾਹਰੁਖ਼ ਖ਼ਾਨ ਨੂੰ ਇਹ ਫ਼ਿਲਮ ਕਰਨ ਦੀ ਕੀ ਪਈ ਸੀ? ਕਮਜ਼ੋਰ ਸਹਾਇਕ ਅਦਾਕਾਰਾ, ਕਮਜ਼ੋਰ ਮੇਕਅਪ, ਕਮਜ਼ੋਰ ਪ੍ਰੋਡਕਸ਼ਨ ਵਿਚ ਸਿਰਫ਼ ਇਕ ਹੀ ਚੀਜ਼ ਸੀ ਜਿਸ ਕਾਰਨ ਫ਼ਿਲਮ ਵੇਖੀ ਗਈ। ਉਹ ਸ਼ਾਹਰੁਖ਼ ਨਹੀਂ ਸੀ ਬਲਕਿ ਪੰਜਾਬ ਦੀ ਹਕੀਕਤ ਪੇਸ਼ ਕਰਨ ਦਾ ਯਤਨ ਸੀ ਜੋ ਦਰਸ਼ਕ ਦਾ ਧਿਆਨ ਖਿਚਦਾ ਸੀ। ਜਾਣਦੇ ਤਾਂ ਸਾਰੇ ਹੀ ਹਾਂ, ਗੱਲਾਂ ਵੀ ਕਰਦੇ ਹਾਂ ਪਰ ਸਾਡੇ ਨੌਜੁਆਨਾਂ ਦੀ ਬੇਬਸੀ ਉਨ੍ਹਾਂ ਨੂੰ ਕਿਸ ਤਰ੍ਹਾਂ ਨਕਲੀ ਏਜੰਟਾਂ ਦਾ 'ਗਧਾ' (ਡੰਕੀ) ਬਣਾ ਰਹੀ ਹੈ, ਉਸ ਕਹਾਣੀ ਨੂੰ ਵੇਖ ਕੇ ਹੰਝੂ ਨਹੀਂ ਰੁਕਦੇ।ਅਕਸਰ ਆਖਿਆ ਜਾਂਦਾ ਹੈ ਕਿ ਜਿਹੜੇ ਨੌਜੁਆਨ ਵਿਦੇਸ਼ਾਂ ਵਿਚ ਜਾਂਦੇ ਹਨ, ਉਹ ਫੁਕਰੀ ਮਾਰਨ ਵਾਸਤੇ ਝੂਠੀਆਂ ਤਸਵੀਰਾਂ ਪਾ ਕੇ ਇਸ ਹੇਰਾਫੇਰੀ ਦਾ ਹਿੱਸਾ ਬਣਦੇ ਹਨ। ਪਰ ਕੌਣ ਘਰ ਦੀ ਅਸਲੀਅਤ ਵਿਖਾਵੇ ਤੇ ਦੱਸੇ ਕਿ ਉਨ੍ਹਾਂ ਨੇ ਕਿਸ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਕੀਤਾ ਹੈ। ਜਦ ਉਹ ਗ਼ਲਤ ਰਾਹ 'ਤੇ ਚਲ ਕੇ ਡਾਲਰਾਂ ਦੇ ਵਾੜੇ ਵਿਚੋਂ ਡਾਲਰ ਤੋੜਨ ਵਿਦੇਸ਼ ਜਾਂਦੇ ਹਨ ਤਾਂ ਉਨ੍ਹਾਂ 'ਚੋਂ ਕਿੰਨੇ ਤਾਂ ਰਾਹ ਵਿਚ ਹੀ ਗਵਾਚ ਜਾਂਦੇ ਹਨ ਤੇ ਉਥੇ ਪਹੁੰਚਣ ਵਾਲੇ ਜਿਸ ਰਸਤੇ ਨੂੰ ਲੰਘ ਕੇ ਜਾਂਦੇ ਹਨ, ਉਹ ਅਪਣੇ ਆਪ ਵਿਚ ਹੀ ਇਕ ਤਪੱਸਿਆ ਹੈ। ਫਿਰ ਜਦ ਉਥੇ ਪਹੁੰਚ ਕੇ ਵਿਦੇਸ਼ਾਂ ਵਿਚ ਚੌਥੇ ਦਰਜੇ ਦਾ ਕੰਮ ਕਰਨ ਲਈ ਮਜਬੂਰ ਹੁੰਦੇ ਹਨ ਤਾਂ ਇਕ ਵਾਰ ਫਿਰ ਤੋਂ ਨਕਲੀ ਤਸਵੀਰਾਂ ਭੇਜਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਅਪਣੇ ਵਾਸਤੇ ਨਾਗਰਿਕਤਾ ਲੈਣ ਦਾ ਤਰੀਕਾ ਜਾਂ ਤਾਂ ਕਿਸੇ ਵਿਦੇਸ਼ੀ ਨਾਲ ਵਿਆਹ ਜਾਂ ਅਪਣੇ ਆਪ ਨੂੰ ਦੇਸ਼ ਤੋਂ ਸਤਾਏ ਹੋਏ ਆਖ ਕੇ ਉਨ੍ਹਾਂ ਤੋਂ ਸ਼ਰਨ ਮੰਗਣ ਲਈ ਤਰਲੇ ਕਰਨਾ ਹੁੰਦਾ ਹੈ ਪਰ ਫਿਰ ਹਵਾਈ ਜਹਾਜ਼ ਰਾਹੀਂ ਵਾਪਸ ਪਰਤਣ ਦਾ ਰਸਤਾ ਲੱਖਾਂ ਡਾਲਰ ਕਮਾ ਕੇ ਵੀ ਨਹੀਂ ਮਿਲਣਾ। ਫਿਰ ਤਾਂ ਵਤਨ ਪਰਤਣ ਵਾਸਤੇ ਵੀ 'ਡੰਕੀ ਰੂਟ' ਅਥਵਾ ਖੋਤੇ ਦੀ ਸਵਾਰੀ ਵਾਲਾ ਰਾਹ ਹੀ ਚੁਣਨਾ ਪਵੇਗਾ। ਪਨਾਹ ਨਾਲ ਜੁੜੇ ਵੱਖਵਾਦੀ ਮਾਫ਼ੀਆ ਦੀ ਗੱਲ ਇਸ ਫ਼ਿਲਮ ਨੇ ਤਾਂ ਨਹੀਂ ਕੀਤੀ ਪਰ ਅਸੀ ਜਾਣਦੇ ਜ਼ਰੂਰ ਹਾਂ। ਸਾਰੀ ਫ਼ਿਲਮ ਵੇਖ ਕੇ, ਇਹੀ ਸਵਾਲ ਉਠਦਾ ਹੈ ਕਿ ਹੋਰ ਫਿਰ ਕੀਤਾ ਕੀ ਜਾਵੇ? ਜਿਸ ਤਰ੍ਹਾਂ ਦੇ ਹਾਲਾਤ ਪੰਜਾਬ ਵਿਚ ਬਣ ਚੁੱਕੇ ਹਨ, ਨੌਜੁਆਨ ਜਾਂ ਤਾਂ ਗ਼ਰੀਬੀ ਨਾਲ ਮਰਨਗੇ ਜਾਂ ਵਿਦੇਸ਼ਾਂ ਵਿਚ ਅਪਣੀ ਜਾਨ ਨਾਲ ਜੂਆ ਖੇਡ ਲੈਣਗੇ। ਜੇ ਸਫ਼ਲ ਹੋਏ ਤਾਂ ਭਾਵੇਂ ਉਹ ਆਪ ਔਖੀ ਜ਼ਿੰਦਗੀ ਬਤੀਤ ਕਰਨ, ਭਾਵੇਂ ਉਹ ਚੌਥੇ ਦਰਜੇ ਦੇ ਨਾਗਰਿਕਾਂ ਵਜੋਂ ਬਦਤਰ ਜ਼ਿੰਦਗੀ ਬਤੀਤ ਕਰਨ ਲਈ ਮਜਬੂਰ ਹੋਏ ਹੋਣ, ਭਾਵੇਂ ਉਹ ਕਦੇ ਵੀ ਵਾਪਸ ਪੰਜਾਬ ਨਾ ਆ ਸਕਣ, ਉਨ੍ਹਾਂ ਦੀ ਕਮਾਈ ਨਾਲ ਉਨ੍ਹਾਂ ਦੇ ਪ੍ਰਵਾਰ ਤਾਂ ਗ਼ਰੀਬੀ 'ਚੋਂ ਬਾਹਰ ਨਿਕਲ ਸਕਣਗੇ। ਉਨ੍ਹਾਂ ਦੀਆਂ ਝੂਠੀਆਂ ਤਸਵੀਰਾਂ ਫੁਕਰਾਪੰਥੀ ਨਹੀਂ, ਅਪਣੇ ਪ੍ਰਵਾਰਾਂ ਨੂੰ ਝੂਠਾ ਦਿਲਾਸਾ ਹੈ ਤਾਕਿ ਉਹ ਉਨ੍ਹਾਂ ਦੇ ਭੇਜੇ ਪੈਸੇ ਨਾਲ ਆਰਾਮ ਨਾਲ ਜੀਅ ਸਕਣ। ਸਾਡੀ ਜਵਾਨੀ ਨੂੰ ਜੇ 'ਗਧੇ' ਜਾਂ 'ਡੰਕੀ' ਬਣਨ ਤੋਂ ਰੋਕਣਾ ਹੈ ਤਾਂ ਇਕੋ ਹੀ ਰਸਤਾ ਹੈ ਕਿ ਜਿਹੜਾ ਬੱਚਾ ਪੜ੍ਹ ਲਿਖ ਕੇ ਤੇ ਵਧੀਆ ਅੰਗਰੇਜ਼ੀ ਸਿਖ ਕੇ ਅਪਣੇ ਹੁਨਰ ਦਾ ਮਾਹਰ ਬਣ ਕੇ ਬਾਹਰ ਜਾਵੇਗਾ, ਉਸ ਵਾਸਤੇ ਔਕੜਾਂ, ਜ਼ਿੰਦਗੀ ਦਾ ਜੂਆ ਨਹੀਂ ਬਣਨਗੀਆਂ। ਮਿਸਤਰੀ, ਇਲੈਕਟ੍ਰੀਸ਼ਨ, ਪਲੰਬਰ, ਦਰਜ਼ੀ ਜਾਂ ਕਿਸੇ ਵੀ ਕੰਮ ਦੇ ਹੁਨਰ, ਭਾਸ਼ਾ ਦੀ ਮੁਹਾਰਤ ਅਤੇ ਸੱਚੀ ਮਿਹਨਤ ਨਾਲ ਵਿਦੇਸ਼ ਜਾਣ ਦਾ ਰਸਤਾ ਅਪਨਾਉਣ ਵਾਲੀ ਸੋਚ ਨੌਜੁਆਨਾਂ ਅੰਦਰ ਜਗਾਉਣੀ ਪਵੇਗੀ। ਪਤਾ ਨਹੀਂ ਸ਼ਾਹਰੁਖ਼ ਖ਼ਾਨ ਨੇ ਪੰਜਾਬ ਦੇ ਨੌਜੁਆਨਾਂ ਨੂੰ ਇਹ ਤੋਹਫ਼ਾ ਕਿਉਂ ਦਿਤਾ ਹੈ ਪਰ ਇਸ ਨੂੰ ਵੇਖ ਕੇ ਅਪਣੇ ਆਪ ਨੂੰ ਤਿਆਰ ਕਰਨਾ ਸਾਡੇ ਬੱਚਿਆਂ ਵਾਸਤੇ ਜ਼ਰੂਰੀ ਹੋ ਗਿਆ ਹੈ।-- ਨਿਮਰਤ ਕੌਰ

## ਕੁੱਕੀ ਖਾੜਕੂਆਂ ਦੇ ਹਮਲੇ 'ਚ ਪੰਜ ਪੁਲੀਸ ਕਮਾਂਡੋਜ਼ ਸਣੇ ਛੇ ਜ਼ਖ਼ਮੀ

ਇੰਫਾਲ:-ਮਸ਼ਕੂਕ ਕੁੱਕੀ ਖਾੜਕੂਆਂ ਨੇ ਮਿਆਂਮਾਰ ਨਾਲ ਲੱਗਦੇ ਟੇਂਗਨੌਪਾਲ ਜ਼ਿਲ੍ਹੇ ਦੇ ਸਰਹੱਦੀ ਕਸਬੇ ਮੋਰੇਹ ਵਿਚ ਸੁਰੱਖਿਆ ਬਲਾਂ ਦੇ ਵਾਹਨਾਂ ਨੂੰ ਨਿਸ਼ਾਨਾ ਬਣਾਇਆ।

ਇਸ ਹਮਲੇ ਵਿੱਚ ਛੇ ਸੁਰੱਖਿਆ ਮੁਲਾਜ਼ਮ ਜ਼ਖ਼ਮੀ ਹੋਏ ਹਨ ਜਿਨ੍ਹਾਂ ਵਿੱਚ ਬੀਐੱਸਐੱਫ ਦਾ ਜਵਾਨ ਤੇ ਮਨੀਪੁਰ ਪੁਲੀਸ ਦੇ ਪੰਜ ਕਮਾਂਡੋਜ਼ ਸ਼ਾਮਲ ਹਨ। ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਜਦੋਂ ਹਮਲਾ ਹੋਇਆ ਉਦੋਂ ਪੁਲੀਸ ਕਮਾਂਡੋਜ਼ ਤੇ ਬੀਐੱਸਐੱਫ ਜਵਾਨ ਬਾਗੀਆਂ ਨੂੰ ਕਾਬੂ ਕਰਨ ਲਈ ਸਾਂਝੀ ਤਲਾਸ਼ੀ ਮੁਹਿੰਮ ਉੱਤੇ ਸਨ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com

778-565-1717

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com

# ਭਾਜਪਾ ਆਪਣੇ ਸਿਆਸੀ ਹਿੱਤਾਂ ਲਈ ਧਰਮ ਦੀ ਦੁਰਵਰਤੋਂ ਕਰ ਰਹੀ ਹੈ:ਯਾਦਵ
# ਜੇ ਭਾਜਪਾ ਦੁਬਾਰਾ ਆਈ ਤਾਂ ਲੋਕਾਂ ਤੋਂ ਵੋਟ ਦਾ ਅਧਿਕਾਰ ਖੋਹ ਲੈਣਗੇ

ਲਖਨਊ:-'ਦਿ ਪ੍ਰਿੰਟ' ਵਿੱਚ ਛਪੀ ਰਿਪੋਰਟ ਮੁਤਾਬਕ ਉੱਤਰ ਪ੍ਰਦੇਸ਼ ਦੇ ਏਟਾ ਜ਼ਿਲ੍ਹੇ ਦੇ ਨਗਲਾ ਡਾਂਡੀ ਇਲਾਕੇ ਵਿੱਚ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਅਖਿਲੇਸ਼ ਨੇ ਕਿਹਾ, 'ਭਾਜਪਾ ਦਾ ਕੰਮ ਜਨਤਾ ਨੂੰ ਧੋਖਾ ਦੇਣਾ ਹੈ। ਭਾਜਪਾ ਪਹਿਲੇ ਦਿਨ ਤੋਂ ਹੀ ਰਾਜਨੀਤੀ ਲਈ ਧਰਮ ਦੀ ਵਰਤੋਂ ਕਰ ਰਹੀ ਹੈ।ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਵਿੱਚ ਅਸਮਾਨਤਾ ਵਧੀ ਹੈ। ਉਨ੍ਹਾਂ ਕਿਹਾ, 'ਧੋਖਾ ਭਾਜਪਾ ਦਾ ਵਿਹਾਰ, ਕਾਰੋਬਾਰ ਅਤੇ ਰਣਨੀਤੀ ਹੈ। ਇਹ ਲੋਕਾਂ ਦੇ ਹੱਕ ਅਤੇ ਸਨਮਾਨ ਖੋਹਣ ਦਾ ਕੰਮ ਕਰ ਰਿਹਾ ਹੈ।ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਵਿਰੋਧੀ ਧਿਰ ਦੇ ਆਗੂਆਂ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਤੰਗ-ਪ੍ਰੇਸ਼ਾਨ ਕਰਦੀ ਹੈ।



ਉਨ੍ਹਾਂ ਕਿਹਾ ਕਿ ਜਨਤਾ ਆਪਣੇ ਭਾਰਤ ਗਠਜੋੜ ਦੇ ਹੱਕ ਵਿੱਚ ਵੋਟ ਪਾ ਕੇ ਵਿਰੋਧੀ ਧਿਰ ਨੂੰ ਸੱਤਾ ਤੋਂ ਲਾਂਭੇ ਕਰੇਗੀ।2024 ਦੀਆਂ ਲੋਕ ਸਭਾ ਚੋਣਾਂ ਨੂੰ 'ਲੋਕਤੰਤਰ ਅਤੇ ਸੰਵਿਧਾਨ ਨੂੰ ਬਚਾਉਣ' ਦੇ ਤੌਰ 'ਤੇ ਦੱਸਦਿਆਂ ਅਖਿਲੇਸ਼ ਯਾਦਵ ਨੇ ਦੋਸ਼ ਲਾਇਆ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਜਨਤਾ ਦੇ ਸਵਾਲਾਂ ਦਾ ਸਾਹਮਣਾ ਕਰਨ ਤੋਂ ਬਚਣ ਲਈ 'ਵਿਰੋਧੀ ਸੰਸਦ ਮੈਂਬਰਾਂ ਨੂੰ ਮੁਅੱਤਲ' ਕਰ ਦਿੱਤਾ ਹੈ।ਉਨ੍ਹਾਂ ਕਿਹਾ, 'ਲੋਕਾਂ ਨੂੰ ਬਹੁਤ ਸਾਵਧਾਨ ਰਹਿਣਾ ਹੋਵੇਗਾ। ਜੇਕਰ ਉਹ (ਭਾਜਪਾ) ਦੁਬਾਰਾ ਸਰਕਾਰ ਵਿੱਚ ਆਉਂਦੇ ਹਨ ਤਾਂ ਉਹ ਲੋਕਾਂ ਤੋਂ ਵੋਟ ਦਾ ਅਧਿਕਾਰ ਖੋਹ ਲੈਣਗੇ।ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਭਾਰਤ ਗਠਜੋੜ ਉੱਤਰ ਪ੍ਰਦੇਸ਼ ਦੀਆਂ ਸਾਰੀਆਂ 80 ਲੋਕ ਸਭਾ ਸੀਟਾਂ 'ਤੇ ਭਾਜਪਾ ਨੂੰ ਹਰਾਏਗਾ। ਉਨ੍ਹਾਂ ਅੱਗੇ ਕਿਹਾ, 'ਭਾਜਪਾ ਹਾਰੇਗੀ ਤਾਂ ਹੀ ਲੋਕਤੰਤਰ ਅਤੇ ਸੰਵਿਧਾਨ ਬਚੇਗਾ।'

## ਰਾਮ ਮੰਦਰ ਦੇ ਨਾਂਅ 'ਤੇ ਚੰਦਾ ਇਕੱਠਾ ਕਰਨ ਵਾਲੇ ਸਰਗਰਮ

ਅਯੁੱਧਿਆ:ਵਿਸ਼ਵ ਹਿੰਦੂ ਪ੍ਰੀਸ਼ਦ ਨੇ ਇੱਥੇ 22 ਜਨਵਰੀ ਨੂੰ ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਦੇ ਸਮਾਰੋਹ ਤੋਂ ਪਹਿਲਾਂ ਭਗਤਾਂ ਨੂੰ ਘੁਟਾਲੇਬਾਜ਼ਾਂ ਤੋਂ ਖ਼ਬਰਦਾਰ ਰਹਿਣ ਲਈ ਕਿਹਾ ਹੈ। ਉਸ ਨੇ ਐਤਵਾਰ ਚਿਤਾਵਨੀ ਜਾਰੀ ਕੀਤੀ ਕਿ ਭਗਤ ਦਾਨ ਮੰਗਣ ਵਾਲੇ ਫਰਜ਼ੀ ਸੋਸ਼ਲ ਮੀਡੀਆ ਸੰਦੇਸ਼ਾਂ ਤੋਂ ਸਾਵਧਾਨ ਰਹਿਣ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਕਿਹਾ ਹੈ ਕਿ ਲੋਕ ਅਜਿਹੇ ਗਰੁੱਪਾਂ ਜਾਂ ਵਿਅਕਤੀਆਂ ਨੂੰ ਫੰਡ ਨਾ ਦੇਣ। ਪ੍ਰੀਸ਼ਦ ਦੇ ਬੁਲਾਰੇ ਵਿਨੋਦ ਬਾਂਸਲ ਨੇ ਇਸ ਮੁੱਦੇ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਦਿੱਲੀ ਤੇ ਯੂ ਪੀ ਦੇ ਪੁਲਸ ਮੁਖੀਆਂ ਕੋਲ ਉਠਾਇਆ ਹੈ। ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆ ਨਾਥ ਨੂੰ ਵੀ ਜਾਲ੍ਹਸਾਜ਼ਾਂ ਖਿਲਾਫ ਫੌਰੀ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਬਾਂਸਲ ਨੇ ਕਿਹਾ ਹੈ ਕਿ ਜਾਲ੍ਹਸਾਜ਼ ਕਿਊਆਰ ਕੋਡ ਦੇ ਸਕਰੀਨ ਸ਼ਾਟ ਭੇਜ ਕੇ ਰਾਮ ਮੰਦਰ ਦੇ ਨਾਂਅ 'ਤੇ ਚੰਦਾ ਮੰਗ ਰਹੇ ਹਨ। ਉਨ੍ਹਾ ਨੂੰ ਇਸ ਬਾਰੇ ਹਾਲ ਹੀ ਵਿਚ ਪਤਾ ਲੱਗਾ ਹੈ। ਸ੍ਰੀ ਰਾਮ ਜਨਮ ਭੂਮੀ ਤੀਰਥ ਸ਼ੇਤਰ ਨਿਆਸ ਨੇ ਕਿਸੇ ਨੂੰ ਚੰਦਾ ਇਕੱਠਾ ਕਰਨ ਦਾ ਅਧਿਕਾਰ ਨਹੀਂ ਦਿੱਤਾ। ਪ੍ਰੀਸ਼ਦ ਦੇ ਜਨਰਲ ਸਕੱਤਰ ਮਿਲਿੰਦ ਪਰਾਂਡੇ ਨੇ ਕਿਹਾ ਕਿ ਮੰਦਰ ਦੇ ਅਭਿਸ਼ੇਕ ਸਮਾਰੋਹ ਲਈ ਕਿਸੇ ਨੂੰ ਚੰਦਾ ਇਕੱਠਾ ਕਰਨ ਲਈ ਵੱਖਰੀ ਕਮੇਟੀ ਬਣਾਉਣ ਜਾਂ ਰਸੀਦਾਂ ਛਾਪਣ ਦੀ ਆਗਿਆ ਨਹੀਂ ਦਿੱਤੀ ਗਈ।

## ਭੜਕਾਊ ਖ਼ਬਰਾਂ ਛਾਪਣ ਲਈ ਸੰਪਾਦਕ ਗ੍ਰਿਫ਼ਤਾਰ

ਇੰਫਾਲ: ਪੁਲਿਸ ਨੇ ਭੜਕਾਊ ਖ਼ਬਰ ਪ੍ਰਕਾਸ਼ਿਤ ਕਰਨ ਦੇ ਦੋਸ਼ 'ਚ ਸਥਾਨਕ ਰੋਜ਼ਾਨਾ 'ਕਾਂਗਲੀਪਾਕੀ ਮੀਰਾ' ਦੇ ਸੰਪਾਦਕ ਵਾਂਗਖੇਮਚਾ ਸ਼ਿਆਮਜਈ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ 'ਤੇ ਦੰਗਾ ਭੜਕਾਉਣ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਦੋਸ਼ ਹੈ।ਪੁਲਿਸ ਦਾ ਕਹਿਣਾ ਹੈ ਕਿ ਸੰਪਾਦਕ ਨੂੰ ਮੁਢਲੀ ਜਾਂਚ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ ਕਿ ਉਸਦਾ ਅਖਬਾਰ ਨਸਲੀ ਟਕਰਾਅ ਦੇ ਦੌਰਾਨ 'ਭੜਕਾਊ ਅਤੇ ਗੈਰ-ਪ੍ਰਮਾਣਿਤ' ਖ਼ਬਰਾਂ ਪ੍ਰਕਾਸ਼ਿਤ ਕਰ ਰਿਹਾ ਸੀ।ਇਸ ਤੋਂ ਪਹਿਲਾਂ 2 ਦਸੰਬਰ ਨੂੰ ਮਣੀਪੁਰ ਭਾਜਪਾ ਦੇ ਉਪ ਪ੍ਰਧਾਨ ਲੈਸ਼ਰਾਮ ਮੀਨਾਬੰਤਾ ਸਿੰਘ ਨੇ ਸ਼ਿਆਮਜਈ ਦੇ ਅਖਬਾਰ 'ਤੇ ਨਫਰਤ ਭੜਕਾਉਣ ਦਾ ਦੋਸ਼ ਲਗਾਉਂਦੇ ਹੋਏ ਸ਼ਿਕਾਇਤ ਦਰਜ ਕਰਵਾਈ ਸੀ।ਇਸ ਦੌਰਾਨ, ਇੱਕ ਸਾਂਝੇ ਬਿਆਨ ਵਿੱਚ, ਆਲ ਮਨੀਪੁਰ ਜਰਨਲਿਸਟ ਯੂਨੀਅਨ (ਜਿਸ ਦੇ ਸ਼ਿਆਮਜ਼ਈ ਸਾਬਕਾ ਪ੍ਰਧਾਨ ਸਨ) ਅਤੇ ਐਡੀਟਰਜ਼ ਗਿਲਡ ਮਨੀਪੁਰ (ਈਜੀਐਮ) ਨੇ ਉਸਦੀ ਗ੍ਰਿਫਤਾਰੀ ਦੀ ਨਿੰਦਾ ਕੀਤੀ ਅਤੇ ਉਸਦੀ ਤੁਰੰਤ ਰਿਹਾਈ ਦੀ ਮੰਗ ਕੀਤੀ।





ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ








ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ
11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

*2 ਜਨਵਰੀ ਦਿਨ ਮੰਗਲਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ ਸੰਤ ਬਾਬਾ ਅਤਰ ਸਿੰਘ ਜੀ ਦੀ ਬਰਸੀ ਦੇ ਸਬੰਧ ਵਿਚ, ਸੇਵਾ ਸ. ਜਗਜੀਤ ਸਿੰਘ ਸੰਘੇੜਾ ਪਰਿਵਾਰ ਵੱਲੋਂ
*2 ਜਨਵਰੀ ਦਿਨ ਮੰਗਲਵਾਰ ਸਹਿਜ ਪਾਠ ਆਰੰਭ ਸ. ਇਕਬਾਲ ਸਿੰਘ ਦੀ ਆਤਮਿਕ ਸ਼ਾਂਤੀ ਲਈ।
*4 ਜਨਵਰੀ ਦਿਨ ਵੀਰਵਾਰ ਭੋਗ ਸ੍ਰੀ ਅਖੰਡਪਾਠ ਸਾਹਿਬ ਜਗਜੀਤ ਸਿੰਘ ਸੰਘੇੜਾ ਪਰਿਵਾਰ ਵੱਲੋਂ
*4 ਜਨਵਰੀ ਦਿਨ ਵੀਰਵਾਰ ਆਰੰਭ ਅਖੰਡਪਾਠ ਸਾਹਿਬ ਭਾਈ ਜਸਪਾਲ ਸਿੰਘ ਭਾਰਜ ਅਤੇ ਅਵਤਾਰ ਕੌਰ ਭਾਰਜ ਪਰਿਵਾਰ ਵੱਲੋਂ
*6 ਜਨਵਰੀ ਦਿਨ ਸ਼ਨਿਚਰਵਾਰ ਭੋਗ ਸ੍ਰੀ ਅਖੰਡਪਾਠ ਸਾਹਿਬ ਭਾਰਜ ਪਰਿਵਾਰ ਵੱਲੋ
*6 ਜਨਵਰੀ ਦਿਨ ਸ਼ਨਿਚਰਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ ਬੀਬੀ ਬਲਬੀਰ ਕੌਰ ਸਿੱਧੂ ਪਰਿਵਾਰ ਵੱਲੋਂ
*7 ਜਨਵਰੀ ਦਿਨ ਐਤਵਾਰ ਸਵੇਰੇ 9.30 ਵਜੇ ਪਾਠ ਸੁਖਮਨੀ ਸਾਹਿਬ, ਲੰਗਰ ਅਤੇ ਕੀਰਤਨ ਰਾਜਨ ਕੁਮਾਰ ਅਤੇ ਸਮੂਹ ਪਰਿਵਾਰ ਵੱਲੋਂ
*7 ਜਨਵਰੀ ਦਿਨ ਐਤਵਾਰ ਦੁਪਹਿਰ 12 ਵਜੇ ਪਾਠ ਸੁਖਮਨੀ ਸਾਹਿਬ ਅਤੇ ਲੰਗਰ ਕੀਰਤਨ ਦੀ ਸੇਵਾ ਭਾਈ ਸਵਰਾਜ ਸਿੰਘ ਬਖਸ਼ੀ ਪਰਿਵਾਰ ਵੱਲੋ
*8 ਜਨਵਰੀ ਦਿਨ ਸੋਮਵਾਰ ਸਵੇਰੇ 9 ਵਜੇ ਭੋਗ ਸ੍ਰੀ ਅਖੰਡਪਾਠ ਸਾਹਿਬ ਬੀਬੀ ਬਲਬੀਰ ਕੌਰ ਸਿੱਧੂ ਵੱਲੋਂ
*8 ਜਨਵਰੀ ਦਿਨ ਸੋਮਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ ਸਵੇਰੇ 10 ਵਜੇ ਗੁਰਵਿੰਦਰ ਸਿੰਘ ਪਰਿਵਾਰ ਵੱਲੋਂ
*9 ਜਨਵਰੀ ਦਿਨ ਮੰਗਲਵਾਰ ਫਿਊਨਰਲ ਸਵ. ਇਕਬਾਲ ਸਿੰਘ 1 ਵਜੇ ਫਾਈਵ ਰਿਵਰ ਫਿਊਨਰਲ ਹੋਮ ਵਿਖੇ, ਭੋਗ ਅਤੇ ਅੰਤਮ ਅਰਦਾਸ ਗੁਰੂਘਰ ਵਿਖੇ ਸ਼ਾਮ 3 ਵਜੇ ਹੋਵੇਗੀ।
*10 ਜਨਵਰੀ ਭੋਗ ਸ੍ਰੀ ਅਖੰਡਪਾਠ ਸਾਹਿਬ ਸਵੇਰੇ 9 ਵਜੇ ਭਾਈ ਗੁਰਵਿੰਦਰ ਸਿੰਘ ਪਰਿਵਾਰ ਵੱਲੋਂ

ਨੋਟ:1 ਦਸੰਬਰ ਤੋਂ 4 ਫਰਵਰੀ ਤੱਕ ਰੋਜਾਨਾ ਸਿਮਰਨ ਬਾਬਾ ਜਗਜੀਤ ਸਿੰਘ ਖਾਰੇ ਵਾਲੇ ਅਤੇ ਭਾਈ ਕੁਲਦੀਪ ਸਿੰਘ ਰਸੀਲਾ ਸਮੂਹ ਸੰਗਤੀ ਰੂਪ ਵਿਚ ਸ਼ਾਮ 5.30 ਤੋਂ 6.30 ਵਜੇ ਤੱਕ ਕਰਿਆ ਕਰਨਗੇ, ਉਪਰੰਤ ਗੁਰਬਾਣੀ ਕਥਾ ਭਾਈ ਜਸਵੀਰ ਸਿੰਘ ਜੀ ਖੜਗ ਸ਼ਾਮ 6.30 ਤੋ 7.15 ਵਜੇ ਤੱਕ ਰੋਜਾਨਾ ਕਰਨਗੇ।27 ਦਸੰਬਰ ਤੋਂ 4 ਫਰਵਰੀ ਤੱਕ ਸੰਤ ਬਾਬਾ ਅਤਰ ਸਿੰਘ ਮਸਤੂਆਣੇ ਵਾਲਿਆਂ ਦੀ ਸਾਲਾਨਾ ਬਰਸੀ ਤੇ ਜਾਪ ਹੋਣਗੇ।27 ਦਸੰਬਰ ਤੋਂ 4 ਫਰਵਰੀ ਤੱਕ ਨਿਰੰਤਰ ਅਖੰਡ ਪਾਠ ਸਾਹਿਬ ਚੱਲਣਗੇ।ਸੰਗਤਾਂ ਪਹੁੰਚ ਕੇ ਲਾਹੇ ਪ੍ਰਾਪਤ ਕਰਨੇ ਜੀ।

ਰਾਗੀ ਜੱਥੇ: ਭਾਈ ਕੁਲਦੀਪ ਸਿੰਘ ਰਸੀਲਾ
ਕਥਾਵਾਚਕ: ਭਾਈ ਜਸਵੀਰ ਸਿੰਘ ਖੜਗ
ਤਬਲਾ ਸਿੱਖਣ ਲਈ ਸੰਪਰਕ ਕਰੋ: 604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਅੰਮ੍ਰਿਤਪਾਲ ਸਿੰਘ ਤੇ ਪੈਮ ਗੋਸਲ ਨੂੰ ਬ੍ਰਿਟੇਨ ’ਚ ਮਿਲੇ ਵੱਡੇ ਸਨਮਾਨ





ਲੰਡਨ:-ਨਵੇਂ ਸਾਲ ਮੌਕੇ ਬ੍ਰਿਟੇਨ ਵਿੱਚ ਸਨਮਾਨਿਤ ਕੀਤੀਆਂ ਜਾ ਰਹੀਆਂ ਸ਼ਖ਼ਸੀਅਤਾਂ ਦੀ ਸੂਚੀ ਵਿੱਚ ਦਸ ਤੋਂ ਵੱਧ ਸਿੱਖ ਵੀ ਸ਼ਾਮਲ ਹਨ। ਪੇਸ਼ੇ ਵਜੋਂ ਡਾਕਟਰ ਅੰਮ੍ਰਿਤਪਾਲ ਸਿੰਘ ਹੰਗਿਨ ਨੂੰ ਨਾਈਟਹੁੱਡ ਦਾ ਖ਼ਿਤਾਬ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਸਕਾਟਲੈਂਡ ਦੀ ਪਾਰਲੀਮੈਂਟ ਦੇ ਮੈਂਬਰ ਹਨ ਪੈਮ ਗੋਸਲ ਨੂੰ ਵੀ ਐੱਮਬੀਈ (ਮੈਂਬਰ ਆਫ ਬ੍ਰਿਟਿਸ਼ ਓਰਡਰ) ਦਾ ਖ਼ਿਤਾਬ ਦਿੱਤਾ ਗਿਆ ਹੈ। ਪੈਮ ਗੋਸਲ ਸਕਾਟਲੈਂਡ ਦੀ ਪਾਰਲੀਮੈਂਟ ਲਈ ਚੁਣੇ ਜਾਣ ਵਾਲੀ ਪਹਿਲੀ ਸਿੱਖ ਔਰਤ ਹੈ। ਦਿਨੇਂਦਰਾ ਸਿੰਘ ਗਿੱਲ, ਜਸਦੀਪ ਹਰੀ ਭਜਨ ਸਿੰਘ ਖਾਲਸਾ, ਸਵਰਾਜ ਸਿੰਘ ਸ਼ੇਤਰਾ, ਨਿਰਮਲ ਸਿੰਘ, ਹਰਬਖ਼ਸ਼ ਸਿੰਘ ਗਰੇਵਾਲ, ਰਾਜਵਿੰਦਰ ਸਿੰਘ, ਸੁਖਦੇਵ ਸਿੰਘ ਫੁੱਲ, ਨਿਰਮਲ ਸਿੰਘ, ਤਜਿੰਦਰ ਕੌਰ ਬਨਵੈਤ ਅਤੇ ਸੰਦੀਪ ਕੌਰ ਦੇ ਨਾਂ ਵੀ ਸ਼ੁੱਕਰਵਾਰ ਨੂੰ ਜਾਰੀ ਕੀਤੀ ਗਈ ਸੂਚੀ ਵਿੱਚ ਸ਼ਾਮਲ ਹਨ। ਯੂਕੇ ਦੇ ਕੈਬਿਨਟ ਦਫ਼ਤਰ ਦੇ ਮੁਤਾਬਕ ਕੁੱਲ 2399 ਸ਼ਖ਼ਸੀਅਤਾਂ ਦਾ 2023 ਵਿੱਚ ਸਨਮਾਨ ਕੀਤਾ ਗਿਆ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY

GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910 | Charlie Sandhu: 604-864-7711

Harmanpreet Kaur
Punjabi Singer
ਵਿਆਹ ਸ਼ਾਦੀ, ਲੇਡੀਜ਼ ਸੰਗੀਤ ਜਾਗੋ, ਮਾਈਆਂ, ਘੋੜੀਆਂ, ਸੁਹਾਗ, ਪੰਜਾਬੀ ਮੇਲਾ, ਸ਼ੋਅ ਆਦਿ ਦੀ ਬੁਕਿੰਗ ਲਈ ਸੰਪਰਕ ਕਰੋ



Winner of Awaaz Punjabi
Voice of Punjab
India Got Talent
BEST IN PUNJAB FOLK SONGS
Ph:236-881-1276
Email:meriawaaz.music@gmail.com
YouTube harmanpreetofficial

# ਸਾਰੇ ਬਾਗ਼ੀ ਅਕਾਲੀ ਵੀ ਵਾਪਸ ਆ ਜਾਣ ਤਾਂ ਕੀ ਪੰਥ ਨੂੰ ਕੋਈ ਫ਼ਾਇਦਾ ਹੋਵੇਗਾ?



ਅਕਾਲੀ ਦਲ ਨੂੰ 'ਪੰਥਕ' ਪਾਰਟੀ ਤੋਂ 'ਪੰਜਾਬੀ' ਪਾਰਟੀ ਬਣਾ ਦੇਣ ਦਾ ਸੁਪਨਾ ਨਹਿਰੂ, ਪਟੇਲ, ਕਾਟਜੂ ਤੇ ਇੰਦਰਾ ਗਾਂਧੀ ਦਾ ਸੁਪਨਾ ਸੀ ਜਿਨ੍ਹਾਂ ਨੂੰ ਪੱਕਾ ਯਕੀਨ ਸੀ ਕਿ ਸਿੱਖਾਂ ਦੀ ਪਾਰਟੀ ਨੂੰ ਪੰਥ ਨਾਲੋਂ ਤੋੜੇ ਬਿਨਾਂ, ਸਿੱਖਾਂ ਦੇ ਗਲੇ ਵਿਚ ਪਟਾ ਨਹੀਂ ਪਾਇਆ ਜਾ ਸਕਦਾ। ਪਟਾ ਪਾਉਣ ਵਿਚ ਸੱਭ ਤੋਂ ਵੱਡੀ ਰੁਕਾਵਟ ਇਨ੍ਹਾਂ ਦੀ ਪਾਰਟੀ ਦਾ 'ਪੰਥਕ' ਏਜੰਡਾ ਸੀ ਜੋ ਮਾ: ਤਾਰਾ ਸਿੰਘ ਵਰਗੇ ਲੀਡਰ ਦਿਨ-ਬ-ਦਿਨ ਪੱਕਾ ਕਰਦੇ ਜਾ ਰਹੇ ਸਨ। ਸੋ ਉਨ੍ਹਾਂ ਨੇ ਮਾਸਟਰ ਤਾਰਾ ਸਿੰਘ ਨੂੰ ਆਜ਼ਾਦੀ ਮਿਲਦਿਆਂ ਸੱਭ ਤੋਂ ਪਹਿਲਾਂ ਜੇਲ੍ਹ ਵਿਚ ਵੀ ਸੁਟਿਆ ਤੇ ਉਪ-ਰਾਸ਼ਟਰਪਤੀ ਬਣਾਉਣ ਦੀ ਪੇਸ਼ਕਸ਼ ਵੀ ਨਹਿਰੂ ਨੇ ਆਪ ਕੀਤੀ ਤਾਕਿ ਮਾ: ਤਾਰਾ ਸਿੰਘ ਸਰਕਾਰ ਦਾ ਭਾਗ ਬਣ ਜਾਣ ਤੇ ਬਾਕੀਆਂ ਚੋਂ ਕੋਈ ਵੀ ਏਨਾ ਵੱਡਾ ਨਹੀਂ ਸੀ ਜਿਸ ਨੂੰ ਕੇਂਦਰ ਅਪਣੇ ਇਸ਼ਾਰਿਆਂ ਤੇ ਨਹੀਂ ਸੀ ਨਚਾ ਸਕਦਾ। ਮਾ: ਤਾਰਾ ਸਿੰਘ ਨੇ ਉਪ-ਰਾਸ਼ਟਰਪਤੀ ਜਾਂ ਰਾਸ਼ਟਰਪਤੀ ਬਣਨ ਦੀ ਪੇਸ਼ਕਸ਼ ਠੁਕਰਾ ਦਿਤੀ ਪਰ ਕੇਂਦਰ ਵਾਲਿਆਂ ਨੇ ਅਪਣੀ ਇਸ ਯੋਜਨਾ ਉਤੇ ਕੰਮ ਕਰਨਾ ਨਾ ਛਡਿਆ ਕਿ ਜਿਵੇਂ ਵੀ ਹੋਵੇ, ਸਿੱਖਾਂ ਦੀ ਜਥੇਬੰਦੀ ਅਕਾਲੀ ਦਲ ਦਾ ਪੰਥਕ ਸਰੂਪ ਜ਼ਰੂਰ ਖ਼ਤਮ ਕਰਨਾ ਹੈ।

ਉਨ੍ਹਾਂ ਨੇ ਅਪਣੀ ਕੋਸ਼ਿਸ਼ ਜਾਰੀ ਰੱਖੀ ਤੇ ਇਸ ਕਾਮਯਾਬੀ ਲਈ ਉਨ੍ਹਾਂ ਨੂੰ ਉਦੋਂ ਤਕ ਯਤਨ ਜਾਰੀ ਰਖਣੇ ਪਏ ਜਦ ਤਕ ਬਲੂ-ਸਟਾਰ ਆਪ੍ਰੇਸ਼ਨ ਦੇ ਅਸਰ ਹੇਠ ਸਿੱਖਾਂ ਨੂੰ ਅਪਣੀ ਆਜ਼ਾਦ ਸੋਚਣੀ ਭੁਲ ਨਾ ਗਈ ਤੇ ਇਹ ਸਮਝਣੋਂ ਅਸਮਰੱਥ ਨਾ ਹੋ ਗਏ ਕਿ ਉਨ੍ਹਾਂ ਨਾਲ ਏਨਾ ਜ਼ੁਲਮ ਹੋ ਕਿਉਂ ਗਿਆ ਹੈ। ਇਸ ਵੇਲੇ ਏਜੰਸੀਆਂ ਰਾਹੀਂ ਕੇਂਦਰ ਨੇ ਸ: ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲੀ ਦਲ ਦਾ ਪੰਥਕ ਸਰੂਪ ਖ਼ਤਮ ਕਰ ਕੇ ਇਸ ਨੂੰ ਪੰਜਾਬੀ ਪਾਰਟੀ ਬਣਾ ਦੇਣ ਲਈ ਤਿਆਰ ਕਰ ਲਿਆ ਤੇ ਸ: ਬਾਦਲ ਨੇ ਰਾਜਸੀ ਪਿੜ ਵਿਚ ਦੋ ਪਾਰਟੀਆਂ ਦੇ ਗਠਜੋੜ ਨੂੰ 'ਪਤੀ ਪਤਨੀ' ਵਾਲਾ ਰਿਸ਼ਤਾ ਬਣਾ ਦੇਣ ਦਾ ਅਜੀਬ ਮੰਤਕ ਪਹਿਲੀ ਵਾਰ ਦਾਖ਼ਲ ਕੀਤਾ ਜਿਸ ਦੀ ਸਮਝ ਅੱਜ ਤਕ ਕਿਸੇ ਨੂੰ ਨਹੀਂ ਆਈ।

ਇਸ ਪਿਛੋਕੜ ਨੂੰ ਸਾਹਮਣੇ ਰੱਖ ਕੇ ਹੁਣ ਅਸੀ ਸੁਖਬੀਰ ਬਾਦਲ ਵਲੋਂ ਅਕਾਲ ਤਖ਼ਤ ਤੇ ਜਾ ਕੇ ਨਹੀਂ ਸਗੋਂ ਉਸ ਦੇ ਪਿਛੇ ਬਣੇ ਇਕ ਹੋਰ ਗੁਰਦੁਆਰੇ ਵਿਚ ਤਕਰੀਰ ਦੌਰਾਨ ਬੀਤੇ ਦੀਆਂ ਭੁੱਲਾਂ ਲਈ ਮਾਫ਼ੀ ਮੰਗਣ ਦੀ ਗੱਲ ਕਰਦੇ ਹਾਂ। ਪ੍ਰੋ: ਦਰਸ਼ਨ ਸਿੰਘ (ਸਾਬਕਾ ਜਥੇਦਾਰ, ਅਕਾਲ ਤਖ਼ਤ) ਦਾ ਮਾਮਲਾ ਅੱਖਾਂ ਸਾਹਮਣੇ ਲੈ ਆਉ। ਉਹ ਅਕਾਲ ਤਖ਼ਤ ਉਤੇ ਪਹੁੰਚ ਵੀ ਗਏ ਤੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਕੇ ਉਥੇ ਬੈਠੇ ਰਹੇ ਕਿ ਜਥੇਦਾਰ ਆਉਣ ਤਾਕਿ ਉਹ ਉਨ੍ਹਾਂ ਅੱਗੇ ਤੇ ਗੁਰੂ ਅੱਗੇ ਅਪਣਾ ਪੱਖ ਰੱਖ ਸਕਣ। ਪਰ ਜਥੇਦਾਰ ਨਾ ਆਏ ਤੇ ਉਨ੍ਹਾਂ ਵਲੋਂ ਕਿਹਾ ਗਿਆ ਕਿ ਗੁਰੂ ਗ੍ਰੰਥ ਸਾਹਿਬ ਕੋਲ ਪੇਸ਼ ਹੋਣਾ ਅਕਾਲ ਤਖ਼ਤ 'ਤੇ ਪੇਸ਼ ਹੋਣਾ ਨਹੀਂ ਮੰਨਿਆ ਜਾ ਸਕਦਾ ਸਗੋਂ ਜਿਸ ਕਮਰੇ ਵਿਚ ਜਥੇਦਾਰ ਬੈਠਦੇ ਹਨ, ਉਸ ਕਮਰੇ ਵਿਚ ਪੇਸ਼ ਹੋਣਾ ਹੀ ਅਕਾਲ ਤਖ਼ਤ 'ਤੇ ਪੇਸ਼ ਹੋਣਾ ਮੰਨਿਆ ਜਾਏਗਾ।

ਪਰ ਚਲੋ ਡਾਢੇ ਦਾ ਸੱਤੀਂ ਵੀਹੀਂ ਸੌ ਹੁੰਦਾ ਹੀ ਹੈ। ਅੱਜ ਦੇ ਪੰਥ ਦੇ ਮਾਲਕ ਅਕਾਲ ਤਖ਼ਤ ਦੇ ਪਿੱਛੇ ਬਣੇ ਗੁਰਦਵਾਰੇ ਵਿਚ ਤਕਰੀਰ ਦੌਰਾਨ ਮਾਫ਼ੀ ਮੰਗਣ ਨੂੰ ਵੀ ਅਕਾਲ ਤਖ਼ਤ ਉਤੇ ਪੇਸ਼ ਹੋਣ ਤੋਂ ਵੀ ਵੱਡੀ ਗੱਲ ਕਹਿ ਦੇਣ ਤਾਂ ਗ਼ਰੀਬ ਪੰਥ ਕੋਲ ਉਨ੍ਹਾਂ ਦਾ ਆਖਿਆ ਮੰਨ ਲੈਣ ਤੋਂ ਬਿਨਾਂ ਹੋਰ ਚਾਰਾ ਵੀ ਕੀ ਰਹਿ ਜਾਂਦਾ ਹੈ?

ਚਲੋ ਮਾਫ਼ੀ ਮੰਗੀ ਗਈ ਤੇ ਨਿਰੇ ਬਿਆਨ ਦਾਗ਼ ਦਾਗ਼ ਕੇ ਸੁਖਬੀਰ ਬਾਦਲ ਨੂੰ ਢਾਹ ਲੈਣਾ ਚਾਹੁਣ ਵਾਲੇ ਸਾਰੇ ਹੀ 'ਥੱਕੇ ਹਾਰੇ' ਪੁਰਾਣੇ ਇਨਕਲਾਬੀ ਅਕਾਲੀ ਲੀਡਰ 'ਮਾਫ਼ੀ' ਦੀ ਪੂਛ ਫੜ ਕੇ ਵਾਪਸ ਆ ਜਾਣ ਤਾਂ ਕਿਸੇ ਨੂੰ ਹੈਰਾਨੀ ਨਹੀਂ ਹੋਵੇਗੀ, ਉਸ ਤਰ੍ਹਾਂ ਹੀ ਜਿਵੇਂ ਇਕ ਪਤਨੀ ਅਪਣੇ ਘਰਵਾਲੇ ਨਾਲ ਰੁਸ ਕੇ ਤੇ ਇਹ ਕਹਿ ਕੇ ਘਰੋਂ ਨਿਕਲ ਗਈ ਸੀ ਕਿ ''ਮੈਂ ਹੁਣ ਕਦੇ ਘਰ ਵਾਪਸ ਨਹੀਂ ਆਵਾਂਗੀ।'' ਉਹ ਖੇਤਾਂ ਦੇ ਬੰਨੇ 'ਤੇ ਇਸ ਆਸ ਨਾਲ ਬੈਠ ਗਈ ਕਿ ਘਰਵਾਲਾ ਆ ਕੇ ਮਨਾ ਹੀ ਲਵੇਗਾ ਜਿਵੇਂ ਪਹਿਲਾਂ ਵੀ ਮਨਾ ਲਿਆ ਕਰਦਾ ਸੀ। ਪਰ ਸੂਰਜ ਡੁੱਬਣ 'ਤੇ ਆ ਗਿਆ ਤੇ ਘਰਵਾਲਾ ਮਨਾਉਣ ਲਈ ਨਾ ਆਇਆ। ਉਥੋਂ ਇਕ ਫੰਡਰ ਗਾਂ ਲੰਘੀ। ਉਸ ਬੀਬੀ ਨੇ ਫੰਡਰ ਗਾਂ ਦੀ ਪੂਛ ਫੜ ਕੇ ਅਪਣੇ ਘਰ ਵਲ ਹੱਕ ਲਿਆ ਤੇ ਘਰ ਦੇ ਵਿਹੜੇ ਵਿਚ ਜਾ ਕੇ ਆਖਣ ਲੱਗੀ, ''ਮੈਂ ਤਾਂ ਵਾਪਸ ਨਹੀਂ ਸੀ ਆਉਣਾ ਚਾਹੁੰਦੀ ਪਰ ਇਹ ਗਾਂ ਦੀ ਪੂਛ ਹੀ ਮੈਨੂੰ ਅਜਿਹੀ ਚੰਬੜੀ ਕਿ ਇਹ ਮੈਨੂੰ ਘਰ ਲਿਆ ਕੇ ਹੀ ਰੁਕੀ।'' ਘਰਵਾਲਾ ਹੱਸ ਕੇ ਬੋਲਿਆ, ''ਕੋਈ ਨਾ, ਤੂੰ ਨਹੀਂ ਆਈ, ਗਾਂ ਦੀ ਪੂਛ ਹੀ ਤੈਨੂੰ ਘਰ ਲਿਆਈ ਹੈ। ਹੁਣ ਜਾ ਚੌਕੇ ਵਿਚ ਤੇ ਰੋਟੀ ਟੁਕ ਦਾ ਪ੍ਰਬੰਧ ਕਰ।''

ਸੋ ਸੁਖਬੀਰ ਦੀ ਮਾਫ਼ੀ ਦੀ ਪੂਛ ਵੀ ਸਾਰੇ 'ਇਨਕਲਾਬੀ' ਅਕਾਲੀ ਆਗੂਆਂ ਨੂੰ ਘਰ ਲਿਆ ਰਹੀ ਹੈ ਤਾਂ ਇਕ ਗੱਲ ਇਹ ਵੀ ਸਮਝ ਲੈਣੀ ਚਾਹੀਦੀ ਹੈ ਕਿ ਸਾਰੇ ਅਕਾਲੀ ਹੀ ਬਾਦਲ ਅਕਾਲੀ ਦਲ ਵਿਚ ਵਾਪਸ ਆ ਜਾਣ ਤੇ ਕੋਈ ਚਮਤਕਾਰ ਵੀ ਹੋ ਜਾਏ ਤੇ ਅਕਾਲੀ ਚੋਣਾਂ ਵੀ ਜਿੱਤ ਜਾਣ ਤਾਂ ਇਸ ਨਾਲ ਇਨ੍ਹਾਂ ਨੂੰ ਵਜ਼ੀਰੀਆਂ ਤੇ


ਮਨ ਮਨੁੱਖ ਦੀ ਕੁੰਜੀ ਹੈ Mind is the key to the man.

NATURAL **HOMEOPATHIC** SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੱ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



# TMG LOGISTICS INC.

## Need Owner Operators

*Vancouver to California *California to Alberta Back Vancouver
*Vancouver to East USA Return

NOW HIRING

*Good Paying Loads*



## Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

*#121-13140-80Ave Surrey, BC V3W 3B2*

# ਭਾਈ ਅੰਮ੍ਰਿਤਪਾਲ ਸਿੰਘ ਤੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਪੰਜਵੇਂ ਤੇ ਆਖਰੀ ਪੜਾਅ ਦਾ ਅਰਦਾਸ ਸਮਾਗਮ ਸਿਰੇ ਚੜ੍ਹਿਆ



ਹਜੂਰ ਸਾਹਿਬ:ਭਾਈ ਅੰਮ੍ਰਿਤਪਾਲ ਸਿੰਘ ਤੇ ਸਮੂਹ ਬੰਦੀ ਸਿੰਘਾਂਦੀ ਰਿਹਾਈ ਲਈ ਪੰਜਵੇਂ ਤੇ ਆਖਰੀ ਪੜਾਅ ਦੇ ਅਰਦਾਸ ਸਮਾਗਮ ਵਿੱਚ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਤੀ ਅਰਦਾਸ ਵਿੱਚ ਹੀ ਉਸ ਦੇ ਮਾਤਾ ਪਿਤਾ ਬਾਕੀ ਸੰਗਤਾਂ ਨਾਲ ਸ਼ਾਮਲ ਹੋ ਸਕੇ । ਇਸ ਸਬੰਧੀ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਮਾਤਾ ਬਲਵਿੰਦਰ ਕੌਰ ਨੇ ਕਿਹਾ ਕਿ ਇਸ ਅਰਦਾਸ ਸਮਾਗਮ ਨੂੰ ਰੋਕਣ ਲਈ ਪਹਿਲੇ ਦਿਨ ਤੋਂ ਹੀ ਉਥੋ ਦੀ ਪੁਲਿਸ ਫੋਰਸ ਦੇ ਵੱਡੇ ਵੱਡੇ ਅਫਸਰ ਆ ਕੇ ਬੈਠ ਗਏ ਅਤੇ ਦਬਾਅ ਬਣਾਉਣ ਲਗੇ ਕਿ ਇਹ ਸਮਾਗਮ ਨਾ ਹੋ ਸਕੇ । ਪੁਲਿਸ ਦਬਾਅ ਪਾਉਦੀ ਸੀ ਕਿ ਅਰਦਾਸ ਬੰਦੀ ਸਿੰਘਾਂ ਦੇ ਨਾਮ ਦਾ ਦਾ ਜਿਕਰ ਕਰਕੇ ਨਾ ਕੀਤੀ ਜਾਵੇ । ਉਨਾਂ ਕਿਹਾ ਕਿ ਪਹਿਲੇ ਚਾਰ ਤੱਖਤ ਸਾਹਿਬਾਨ ਤੇ ਅਖੰਡ ਪਾਠ ਸਾਹਿਬ ਤੱਖਤ ਸਾਹਿਬ ਦੇ ਚੌਗਿਰਦੇ ਵਿੱਚ ਕਿਸੇ ਹੋਰ ਸਥਾਨ ਤੇ ਹੁੰਦੇ ਸੀ ਤੇ ਬਾਦ ਵਿੱਚ ਅਰਦਾਸ ਤੱਖਤ ਸਾਹਿਬ ਦੇ ਸਾਹਮਣੇ ਖੜੇ ਹੋ ਕੇ ਸੰਗਤੀ ਰੂਪ ਵਿੱਚ ਹੁੰਦੀ ਸੀ ਪਰ ਕਲਗੀਧਰ ਪਾਤਸ਼ਾਹ ਨੇ ਐਸੀ ਕਲਾ ਵਰਤਾਈ ਕਿ ਇਸ ਵਾਰ ਸ਼੍ਰੀ ਅਖੰਡ ਪਾਠ ਸਾਹਿਬ ਤਖੱਤ ਸਾਹਿਬ ਦੇ ਅੰਦਰ ਹੀ ਨਾਲ ਵਾਲੇ ਕਮਰੇ ਵਿੱਚ ਹੋਏ ਅਤੇ ਭੋਗ ਵੇਲੇ ਹੀ ਅੰਮ੍ਰਿਤਪਾਲ ਸਿੰਘ ਤੇ ਸਮੂਹ ਬੰਦੀ ਸਿੰਘਾਂ ਦਾ ਨਾਮ ਬੋਲ ਕੇ ਅਰਦਾਸ ਹੋ ਗਈ । ਜੇਕਰ ਤੱਖਤ ਸਾਹਿਬ ਦੇ ਅੰਦਰ ਨਾਲ ਵਾਲੇ ਕਮਰੇ ਵਿੱਚ ਸ਼੍ਰੀ ਅਖੰਡ ਪਾਠ ਸਾਹਿਬ ਨਾ ਹੁੰਦੇ ਤਾਂ ਬਾਦ ਵਿੱਚ ਪਹੁੰਚੀ ਸੰਗਤ ਨੂੰ ਤੱਖਤ ਸਾਹਿਬ ਦੇ ਸਨਮੁਖ ਅਰਦਾਸ ਕਰਨ ਦੀ ਪੁਲਿਸ ਫੋਰਸ ਨੇ ਆਗਿਆ ਨਹੀ ਦੇਣੀ ਸੀ ।ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਜੋ ਤੱਖਤ ਸਾਹਿਬ ਦੇ ਅੰਦਰ ਹੀ ਸੀ ਭੋਗ ਦੀ ਅਰਦਾਸ ਸਮੇ ਸਵੇਰੇ ਅੱਠ ਵਜੇ ਹੀ ਭਾਈ ਅੰਮ੍ਰਿਤਪਾਲ ਸਿੰਘ ਤੇ ਸਮੂਹ ਬੰਦੀ ਸਿੰਘਾਂ ਦਾ ਨਾਮ ਲੈ ਕੇ ਅਰਦਾਸ ਹੋ ਗਈ ।ਇਸ ਉਪਰੰਤ ਪਹੁੰਚੀ ਹੋਈ ਸੰਗਤ ਬਜਿਦ ਸੀ ਕਿ ਬਾਦ ਵਿੱਚ ਤੱਖਤ ਸਾਹਿਬ ਦੇ ਸਨਮੁਖ ਬਾਹਰ ਖੜੇ ਹੋ ਕੇ ਸੰਗਤੀ ਰੂਪ ਵਿੱਚ ਵੀ ਨਾਮ ਲੈ ਕੇ ਬੰਦੀ ਸਿੰਘਾਂਦੀ ਰਿਹਾਈ ਦੀ ਅਰਦਾਸ ਕਰਨੀ ਹੈ ।ਪ੍ਰੰਤੂ ਪੁਲਿਸ ਫੋਰਸ ਨੇ ਤੱਖਤ ਸਾਹਿਬ ਦੇ ਅਰਦਾਸੀਏ ਸਿੰਘ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ ।ਉਨਾਂ ਕਿਹਾ ਕਿ ਇਸ ਉਪਰੰਤ ਉਥੇ ਪਹੁੰਚੀ ਸੰਗਤ ਨੇ ਤੱਖਤ ਸਾਹਿਬ ਦੇ ਸਨਮੁਖ ਸੰਗਤੀ ਰੂਪ ਵਿੱਚ ਅਰਦਾਸ ਸ਼੍ਰੀ ਤਰਨਤਾਰਨ ਸਾਹਿਬ ਤੋ ਨਾਲ ਆਏ ਅਰਦਾਸੀਏ ਸਿੰਘ ਤੋਂ ਕਰਾਈ ਤੇ ਇਹ ਪੰਜਵੇਂ ਤੇ ਆਖਰੀ ਪੜਾਅ ਦਾ ਅਰਦਾਸ ਸਮਾਗਮ ਕਲਗੀਧਰ ਪਾਤਸ਼ਾਹ ਦੀ ਅਪਾਰ ਬਖਸ਼ਿਸ਼ ਸਦਕਾ ਸਿਰੇ ਚੜ੍ਹਿਆ।

# ਵਿਦਿਆਰਥਣ ਨਾਲ ਗੈਂਗਰੇਪ ਦੇ ਦੋਸ਼ 'ਚ ਤਿੰਨ ਭਾਜਪਾਈ ਨੌਜਵਾਨ ਗ੍ਰਿਫਤਾਰ



ਵਾਰਾਨਸੀ:ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਵਿਦਿਆਰਥਣ ਨਾਲ ਇਕ ਨਵੰਬਰ ਨੂੰ ਗੈਂਗਰੇਪ ਕਰਨ ਦੇ ਦੋਸ਼ ਵਿਚ ਤਿੰਨ ਨੌਜਵਾਨਾਂ ਨੂੰ ਦੋ ਮਹੀਨਿਆਂ ਬਾਅਦ ਕਾਬੂ ਕਰ ਲਿਆ ਗਿਆ ਹੈ। ਇਹ ਤਿੰਨੋਂ ਭਾਜਪਾ ਦੇ ਆਈ ਟੀ ਸੈੱਲ ਨਾਲ ਜੁੜੇ ਹੋਏ ਹਨ। ਇਨ੍ਹਾਂ ਦੀ ਪਛਾਣ ਕੁਣਾਲ ਪਾਂਡੇ, ਆਨੰਦ ਉਰਫ ਅਭਿਸ਼ੇਕ ਚੌਹਾਨ ਤੇ ਸਕਸ਼ਮ ਪਟੇਲ ਵਜੋਂ ਹੋਈ ਹੈ। ਤਿੰਨੋਂ ਸ਼ਹਿਰ ਦੇ ਰਸੂਖਦਾਰ ਪਰਵਾਰਾਂ ਵਿੱਚੋਂ ਹਨ। ਕੁਣਾਲ ਭਾਜਪਾ ਕੌਂਸਲਰ ਦਾ ਦਾਮਾਦ ਹੈ।ਯੂਨੀਵਰਸਿਟੀ ਵਿਚ ਆਈ ਆਈ ਟੀ ਤੋਂ ਬੀ ਟੈੱਕ ਕਰ ਰਹੀ ਵਿਦਿਆਰਥਣ ਦੇਰ ਰਾਤ ਹੋਸਟਲ ਤੋਂ ਸੈਰ ਲਈ ਨਿਕਲੀ ਸੀ। ਇਸ ਦੌਰਾਨ ਉਸ ਦਾ ਦੋਸਤ ਮਿਲ ਗਿਆ ਤੇ ਉਹ ਦੋਵੇਂ ਸੈਰ ਕਰਨ ਲੱਗੇ। ਆਈ ਆਈ ਟੀ ਦੇ ਪਿਛਲੇ ਪਾਸੇ ਕਰਮਨਬੀਰ ਬਾਬਾ ਮੰਦਰ ਤੋਂ ਥੋੜ੍ਹਾ ਪਹਿਲਾਂ ਬੁਲੇਟ ਸਵਾਰ ਤਿੰਨ ਨੌਜਵਾਨ ਪੁੱਜੇ ਤੇ ਦੋਹਾਂ ਨੂੰ ਫੜ ਲਿਆ। ਉਨ੍ਹਾਂ ਕੋਲ ਹਥਿਆਰ ਵੀ ਸਨ। ਤਿੰਨਾਂ ਨੇ ਵਿਦਿਆਰਥਣ ਤੇ ਵਿਦਿਆਰਥੀ ਧਮਕਾ ਕੇ ਮੋਬਾਇਲ ਖੋਹ ਲਿਆ। ਵਿਦਿਆਰਥਣ ਦਾ ਮੂੰਹ ਦਬਾ ਕੇ ਲੈ ਗਏ ਅਤੇ ਕੱਪੜੇ ਲੁਹਾ ਕੇ ਵੀਡੀਓ ਬਣਾਇਆ। ਉਸ ਨਾਲ ਗੈਂਗਰੇਪ ਵੀ ਕੀਤਾ ਤੇ ਧਮਕਾ ਕੇ ਚਲੇ ਗਏ। ਵਿਦਿਆਰਥਣ ਜਾਨ ਬਚਾਉਣ ਲਈ ਉੱਥੋਂ ਭੱਜ ਕੇ ਪ੍ਰੋਫੈਸਰ ਦੇ ਘਰ ਪੁੱਜੀ। ਅਗਲੇ ਦਿਨ ਯੂਨੀਵਰਸਿਟੀ ਵਿਚ ਇਸ ਘਿਨਾਉਣੇ ਕਾਰੇ ਖਿਲਾਫ ਜ਼ੋਰਦਾਰ ਪ੍ਰਦਰਸ਼ਨ ਹੋਇਆ।

# ਗੋਲਡੀ ਬਰਾੜ ਨੂੰ ਵੀ ਭਾਰਤੀ ਏਜੰਸੀਆਂ ਨੇ 'ਅੱਤਵਾਦੀ' ਐਲਾਨਿਆ



ਨਵੀਂ ਦਿੱਲੀ:-ਕੇਂਦਰੀ ਗ੍ਰਹਿ ਮੰਤਰਾਲੇ ਨੇ ਕੈਨੇਡਾ ਵਿੱਚ ਖਾਲਿਸਤਾਨੀ ਜਥੇਬੰਦੀਆਂ ਨਾਲ ਭਾਰਤ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਸਾਥੀ ਸਤਵਿੰਦਰ ਸਿੰਘ ਉਰਫ ਗੋਲਡੀ ਬਰਾੜ ਨੂੰ ਯੂ.ਏ.ਪੀ.ਏ. ਤਹਿਤ ਅੱਤਵਾਦੀ ਐਲਾਨਿਆ ਹੈ। ਹਿੰਦੁਸਤਾਨ ਟਾਈਮਜ਼ ਮੁਤਾਬਕ ਬਰਾੜ ਖ਼ਿਲਾਫ਼ ਇੰਟਰਪੋਲ ਦਾ ਰੈੱਡ ਨੋਟਿਸ ਜਾਰੀ ਹੈ ਅਤੇ ਉਹ ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿੱਚ ਰਹਿੰਦਾ ਹੈ ਅਤੇ ਬਿਸ਼ਨੋਈ ਗੈਂਗ ਦੀਆਂ ਗਤੀਵਿਧੀਆਂ ਨੂੰ ਸੰਭਾਲਦਾ ਹੈ। ਗ੍ਰਹਿ ਮੰਤਰਾਲੇ ਦਾ ਕਹਿਣਾ ਹੈ ਕਿ ਉਹ ਖਾਲਿਸਤਾਨੀ ਸੰਗਠਨ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਨਾਲ ਜੁੜਿਆ ਹੋਇਆ ਹੈ। ਪੰਜਾਬ ਦੇ ਫਰੀਦਕੋਟ ਦਾ ਰਹਿਣ ਵਾਲਾ ਬਰਾੜ 2017 'ਚ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਗਿਆ ਸੀ। ਗੋਲਡੀ ਬਰਾੜ ਨੇ 29 ਮਈ, 2022 ਨੂੰ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ 'ਤੇ ਹੋਏ ਹਮਲੇ ਦੀ ਜ਼ਿੰਮੇਵਾਰੀ ਵੀ ਲਈ ਸੀ। ਬਰਾੜ ਕੈਨੇਡਾ ਦੇ 25 ਮੋਸਟ ਵਾਂਟੇਡ ਲੋਕਾਂ ਦੀ ਸੂਚੀ ਵਿੱਚ ਵੀ ਸ਼ਾਮਲ ਹੈ। ਬਰਾੜ ਵੀ ਕਥਿਤ ਤੌਰ 'ਤੇ ਪੰਜਾਬ ਵਿਚ ਚਲਾਏ ਜਾ ਰਹੇ ਫਿਰੌਤੀ ਰੈਕੇਟ ਵਿਚ ਸ਼ਾਮਲ ਹੈ ਅਤੇ ਮੰਨਿਆ ਜਾਂਦਾ ਹੈ ਕਿ ਉਸ ਦਾ ਯੂਥ ਕਾਂਗਰਸੀ ਆਗੂ ਗੁਰਲਾਲ ਪਹਿਲਵਾਨ ਦੇ ਕਤਲ ਵਿਚ ਹੱਥ ਹੈ।


**Injured in an accident?**
**ICBC claim?**

**We can help.**

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call **Mandeep Randhawa** today.



Mandeep Randhawa,
*B.Sc., L.L.B (UBC)*

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999

RM TRIAL LAWYERS

MANDEEP RANDHAWA LAW CORPORATION

**T 604 449 7500**

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

# ‘ਸਿੱਖ ਨੇਤਾ ਦੇ ਕਤਲ ਦੀ ਸਾਜਿਸ਼ ਜੱਗ ਜ਼ਾਹਿਰ ਹੋਣ ਤੋਂ ਬਾਅਦ ਭਾਰਤ-ਅਮਰੀਕਾ ਦੇ ਸਬੰਧ ਠੰਡੇ ਪੈ ਗਏ:ਕਤਰ ਟੀਵੀ ਦੀ ਰਿਪੋਰਟ

ਵਾਸ਼ਿੰਗਟਨ: ਨਿਊਯਾਰਕ ਸਥਿਤ ਸਿੱਖ ਖਾਲਿਸਤਾਨੀ ਆਗੂ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਭਾਰਤ ਦੀ ਸਾਜ਼ਿਸ਼ ਦੇ ਮੱਦੇਨਜ਼ਰ, ਭਾਰਤ ਨੇ ਹਾਲ ਹੀ ਦੇ ਮਹੀਨਿਆਂ ਵਿੱਚ ਅਮਰੀਕਾ ਤੋਂ ਭਾਰਤ ਦੀ ਗੁਪਤ ਏਜੰਸੀ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਦੇ ਕਈ ਕਾਰਕੁਨਾਂ ਨੂੰ ਵਾਪਸ ਬੁਲਾ ਲਿਆ ਹੈ। ਇਹ ਪ੍ਰਗਟਾਵਾ ਕਤਰ- ਆਧਾਰਿਤ ਇੱਕ ਨਿਊਜ਼ ਚੈਨਲ ਨੇ ਕੀਤਾ। ਕਈ ਅਖਬਾਰਾਂ ਨੇ ਲਿਖਿਆ ਕਿ ਸਿੱਖ ਆਗੂ ਹੱਤਿਆ ਦੀ ਕੋਸ਼ਿਸ਼ ਨੇ ਪ੍ਰੀਡੇਟਰ ਡਰੋਨਾਂ ਦੀ ਖਰੀਦ ਅਤੇ ਦੋਵਾਂ ਦੇਸ਼ਾਂ ਵਿਚਕਾਰ ਜੈੱਟ ਇੰਜਣਾਂ ਲਈ ਤਕਨਾਲੋਜੀ ਦੇ ਤਬਾਦਲੇ ਲਈ ਰੱਖਿਆ ਸੌਦਿਆਂ ‘ਤੇ ਹੋ ਰਹੀ ਗੱਲਬਾਤ ਵੀ ਰੁੱਕ ਗਈ ਹੈ।

ਅਲ ਜਜ਼ੀਰਾ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ, “ਨਵੀਂ ਦਿੱਲੀ ਵਿੱਚ ਸੱਤਾ ਦੇ ਗਲਿਆਰਿਆਂ ਵਿੱਚ, ਪੰਨੂ ਕੇਸ ਨੂੰ ਲੈ ਕੇ ਬੇਚੈਨੀ ਹੈ - ਕਿਉਂਕਿ ਭਾਰਤੀ ਅਧਿਕਾਰੀਆਂ ਦੇ ਸੰਚਾਰ ਉਪਕਰਨਾਂ ਦੀ ਜਾਂਚ ਕੀਤੀ ਜਾ ਸਕਦੀ ਹੈ।

ਲੰਡਨ ਅਧਾਰਤ ਫਾਈਨੈਂਸ਼ੀਅਲ ਟਾਈਮਜ਼ ਜਿਸ ਨੇ ਸਭ ਤੋਂ ਪਹਿਲਾਂ ਰਿਪੋਰਟ ਦਿੱਤੀ ਸੀ ਕਿ ਕਿਵੇਂ ਅਮਰੀਕਾ ਨੇ ਇੱਕ ਭਾਰਤੀ ਏਜੰਟ ਦੁਆਰਾ ਅਮਰੀਕੀ ਧਰਤੀ ‘ਤੇ ਸਿੱਖ ਨੇਤਾ ਗੁਰਪਤਵੰਤ ਸਿੰਘ ਪੰਨੂੰ ਨੂੰ ਮਾਰਨ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਸੀ। ਅਮਰੀਕਾ-ਕੈਨੇਡਾ ਦੇ ਦੋਹਰੇ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਵੱਲੋਂ ਭਾਰਤ ਤੋਂ ਵੱਖਰੇ ਸਿੱਖ ਹੋਮਲੈਂਡ, ਜਿਸਨੂੰ ਖਾਲਿਸਤਾਨ ਕਿਹਾ ਜਾਂਦਾ ਹੈ, ਦੀ ਮੰਗ ਕੀਤੀ ਜਾਂਦੀ ਹੈ ।ਕਤਰ ਟੀਵੀ ਨੇ ਕਿਹਾ’ ਕਿ ਗੈਰ-ਨਿਆਇਕ ਹੱਤਿਆ ਦੀ ਕੋਸ਼ਿਸ਼ ਵਿੱਚ ਭਾਰਤ ਦੀ ਸ਼ਮੂਲੀਅਤ ਨੇ ਅਮਰੀਕਾ-ਭਾਰਤ ਵਿਚਕਾਰ ਦੁਵੱਲੇ ਸਬੰਧਾਂ ਨੂੰ ਠੇਸ ਪਹੁੰਚਾਈ ਹੈ।“ ”

11 ਦਸੰਬਰ ਨੂੰ, ਐਫਬੀਆਈ ਦੇ ਮੁਖੀ ਕ੍ਰਿਸਟੋਫਰ ਵੇਅ ਨੇ ਗੱਲਬਾਤ ਲਈ ਨਵੀਂ ਦਿੱਲੀ ਦਾ ਦੌਰਾ ਕੀਤਾ ਜਿਸ ਵਿੱਚ ਪੰਨੂ ਕੇਸ ਬਾਰੇ ਗੱਲਬਾਤ ਸ਼ਾਮਲ ਮੰਨੀ ਜਾਂਦੀ ਹੈ - ਇਹ 12 ਸਾਲਾਂ ਵਿੱਚ ਇੱਕ ਐਫਬੀਆਈ ਡਾਇਰੈਕਟਰ ਦੀ ਭਾਰਤ ਦੀ ਪਹਿਲੀ ਫੇਰੀ ਸੀ। ਧਾਰਮਿਕ ਆਜ਼ਾਦੀ ‘ਤੇ ਅਮਰੀਕੀ ਕਾਂਗਰਸ ਦੁਆਰਾ ਨਿਯੁਕਤ ਨਿਗਰਾਨ ਨੇ ਵੀ ਆਪਣੀ ਸਾਲਾਨਾ ਰਿਪੋਰਟ ਛੇਤੀ ਜਾਰੀ ਕੀਤੀ, ਮੰਗ ਕੀਤੀ ਕਿ ਬਿਡੇਨ ਪ੍ਰਸ਼ਾਸਨ ਭਾਰਤ ਨੂੰ “ਵਿਸ਼ੇਸ਼ ਚਿੰਤਾ ਦਾ ਦੇਸ਼” ਘੋਸ਼ਿਤ ਕਰੇ। ਅੰਤਰਰਾਸ਼ਟਰੀ ਧਾਰਮਿਕ ਸੁਤੰਤਰਤਾ ਬਾਰੇ ਅਮਰੀਕੀ ਕਮਿਸ਼ਨ ਨੇ ਭਾਰਤ ਵਿੱਚ ਧਾਰਮਿਕ ਘੱਟ ਗਿਣਤੀਆਂ ‘ਤੇ ਹਮਲਿਆਂ ਬਾਰੇ ਵਿਆਪਕ ਚਿੰਤਾਵਾਂ ਪ੍ਰਗਟ ਕੀਤੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਭਾਰਤ ਵਿੱਚ “ਧਾਰਮਿਕ ਘੱਟ ਗਿਣਤੀਆਂ ਅਤੇ ਉਨ੍ਹਾਂ ਦੀ ਵਕਾਲਤ ਕਰਨ ਵਾਲਿਆਂ ਨੂੰ ਨਿਸ਼ਾਨਾ ਬਣਾਉਣ” ਤੋਂ ਕਮਿਸ਼ਨ “ਚਿੰਤਤ” ਹੈ ਕਮਿਸ਼ਨ ਪੰਨੂੰ ਦੀ ਹੱਤਿਆ ਦੀ ਸ਼ਾਜਿਸ ਦਾ ਜ਼ਿਕਰ ਕੀਤਾ।।

ਇਸ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਨੇ 26 ਜਨਵਰੀ ਨੂੰ ਭਾਰਤ ਦੇ ਗਣਤੰਤਰ ਦਿਵਸ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਲਈ ਮੋਦੀ ਦੇ ਸੱਦੇ ਨੂੰ ਠੁਕਰਾ ਦਿੱਤਾ। ਕੋਈ ਰਸਮੀ ਕਾਰਨ ਜਨਤਕ ਨਹੀਂ ਕੀਤਾ ਗਿਆ ਹੈ, ਪਰ ਬਿਡੇਨ ਦੇ ਨਵੀਂ ਦਿੱਲੀ ਆਉਣ ਤੋਂ ਇਨਕਾਰ ਕਰਨ ਨੇ ਭਾਰਤ ਨੂੰ ਕਵਾਡ ਸਮੂਹ ਦੀ ਮੀਟਿੰਗ ਨੂੰ ਮੁਲਤਵੀ ਕਰਨ ਲਈ ਮਜ਼ਬੂਰ ਕੀਤਾ ਹੈ - ਜਿਸ ਵਿੱਚ ਆਸਟਰੇਲੀਆ ਅਤੇ ਜਾਪਾਨ ਵੀ ਸ਼ਾਮਲ ਹਨ। ਨਵੀਂ ਦਿੱਲੀ ਸਥਿਤ ਸੈਂਟਰ ਫਾਰ ਪਾਲਿਸੀ ਰਿਸਰਚ ਦੇ ਸੀਨੀਅਰ ਫੈਲੋ ਸੁਸ਼ਾਂਤ ਸਿੰਘ ਨੇ ਕਿਹਾ ਕਿ ਇਹ ਸਬੰਧਾਂ ਵਿੱਚ ਤਣਾਅ ਦੇ ਸੰਕੇਤਾਂ ਦੀ




ਇੱਕ ਲੜੀ ਵਿੱਚੋਂ ਇੱਕ ਹਨ। ਸਿੰਘ ਨੇ ਕਿਹਾ, “ਜੇਕਰ ਅਮਰੀਕੀ ਅਧਿਕਾਰੀ ਦਿੱਲੀ ਵਿੱਚ ਸੁਰੱਖਿਅਤ ਭਾਰਤੀ ਸਰਕਾਰੀ ਸੰਚਾਰਾਂ ਦੀ ਨਿਗਰਾਨੀ ਕਰ ਰਹੇ ਸਨ, ਤਾਂ ਉਹ ਯਕੀਨੀ ਤੌਰ ‘ਤੇ ਉਸ ਤੋਂ ਕਿਤੇ ਜ਼ਿਆਦਾ ਜਾਣਦੇ ਹਨ ਜਿੰਨਾ ਉਨ੍ਹਾਂ ਨੇ ਹੁਣ ਤੱਕ ਜ਼ਾਹਰ ਕੀਤਾ ਹੈ,” ਸਿੰਘ ਨੇ ਕਿਹਾ। ” ਸਿੰਘ ਨੇ ਅਲ ਜਜ਼ੀਰਾ ਨੂੰ ਦੱਸਿਆ “ 2023 ਦਾ ਜੂਨ ਮਹੀਨਾ ਭਾਰਤ-ਅਮਰੀਕਾ ਸਬੰਧਾਂ ਦਾ ਉੱਚਾ ਸਿਖਰ ਸੀ ਪਰ ਹੁਣ ਇਹ ਸਬੰਧ ਠੰਢੇ ਹੋ ਗਏ ਹਨ, ਇਸ ਵਿੱਚ ਪੰਨੂ ਦੇ ਕਤਲ ਦੀ ਸਾਜਿਸ਼ ਦੀ ਨਿਸ਼ਚਿਤ ਭੂਮਿਕਾ ਰਹੀ ਹੈ।

## ਗ਼ੁਲਾਮ ਬਣਨ ਵਾਲਿਆਂ ਨੂੰ ਦੂਜਿਆਂ ’ਤੇ ਫ਼ਬਤੀਆਂ ਕੱਸਣ ਦਾ ਅਧਿਕਾਰ ਨਹੀਂ:ਰਾਊਤ

ਮੁੰਬਈ:-ਸ਼ਿਵ ਸੈਨਾ (ਯੂਬੀਟੀ) ਆਗੂ ਸੰਜੈ ਰਾਊਤ ਨੇ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ’ਤੇ ਤਨਜ਼ ਕੱਸਦਿਆਂ ਕਿਹਾ ਕਿ ਜਿਹੜੇ ਲੋਕ ‘ਗ਼ੁਲਾਮੀ’ ਸਵੀਕਾਰ ਚੁੱਕੇ ਹਨ, ਉਨ੍ਹਾਂ ਨੂੰ ਮਹਾ ਵਿਕਾਸ ਅਗਾੜੀ (ਗੱਠਜੋੜ) ਦੇ ਆਗੂਆਂ ਬਾਰੇ ਫਬਤੀਆਂ ਨਹੀਂ ਕਸਣੀਆਂ ਚਾਹੀਦੀਆਂ। ਰਾਊਤ ਨੇ ਇਹ ਟਿੱਪਣੀਆਂ ਅਜਿਹੇ ਮੌਕੇ ਕੀਤੀਆਂ ਹਨ ਜਦੋਂ ਪਵਾਰ, ਜੋ ਰਾਸ਼ਟਰਵਾਦੀ ਕਾਂਗਰਸ ਪਾਰਟੀ ਧੜੇ ਦੇ ਮੁਖੀ ਹਨ, ਨੇ ਰਾਊਤ ਨੂੰ ‘ਨਾਚੀਜ਼’ ਦੱਸਿਆ ਸੀ। ਪਵਾਰ ਦੀ ਇਸ ਟਿੱਪਣੀ ਦੇ ਪ੍ਰਤੀਕਰਮ ਵਿੱਚ ਰਾਊਤ ਨੇ ਪੱਤਰਕਾਰਾਂ ਨੂੰ ਕਿਹਾ, ‘‘ਜਿਹੜੇ ਖ਼ੁਦ ਗ਼ੁਲਾਮੀ ਦੀ ਚੋਣ ਕਰ ਚੁੱਕੇ ਹਨ...ਜਿਹੜੇ ਬੁਜ਼ਦਿਲ ਹਨ...ਉਨ੍ਹਾਂ ਨੂੰ ਸਾਡੇ ’ਤੇ ਫਬਤੀਆਂ ਨਹੀਂ ਕਸਣੀਆਂ ਚਾਹੀਦੀਆਂ। ਮੈਨੂੰ ਇਸ ਮੁੱਦੇ ’ਤੇ ਇਸ ਤੋਂ ਵੱਧ ਹੋਰ ਬੋਲਣ ਦੀ ਲੋੜ ਨਹੀਂ। ਲੋਕ ਸਭਾ ਚੋਣਾਂ ਤੋਂ ਪਤਾ ਲੱਗ ਜਾਵੇਗਾ ਕਿ ਕੌਣ ‘ਐਰਾ-ਗੈਰਾ’ ਹੈ।’’ ਪਵਾਰ ਪਿਛਲੇ ਸਾਲ ਜੁਲਾਈ ਵਿੱਚ ਐੱਨਸੀਪੀ ਦੇ ਅੱਠ ਵਿਧਾਇਕਾਂ ਨੂੰ ਲੈ ਕੇ ਸ਼ਿਵ ਸੈਨਾ-ਭਾਜਪਾ ਸਰਕਾਰ ਵਿੱਚ ਸ਼ਾਮਲ ਹੋ ਗਏ ਸਨ। ਪਵਾਰ ਨੇ ਉਦੋਂ ਐੱਨਸੀਪੀ ਤੇ ਇਸ ਦੇ ਚੋਣ ਨਿਸ਼ਾਨ ’ਤੇ ਆਪਣਾ ਦਾਅਵਾ ਜਤਾਇਆ ਸੀ। ਰਾਊਤ ਨੇ ਕਿਹਾ, ‘‘ਮਹਾਰਾਸ਼ਟਰ ਦਾ ਲਗਾਤਾਰ ਨਿਰਾਦਰ ਕੀਤਾ ਜਾ ਰਿਹਾ ਹੈ, ਪਰ ਜਿਹੜੇ ਸੱਤਾ ਵਿੱਚ ਹਨ ਉਹ ਚੁੱਪ ਹਨ। ਉਨ੍ਹਾਂ ਨੂੰ ਦੂਜਿਆਂ ਦੀ ਆਲੋਚਨਾ ਕਰਨਾ ਦਾ ਕੀ ਅਧਿਕਾਰ ਹੈ?

## ਭਾਰਤ ਸਿਰਫ਼ ਕਾਗਜ਼ਾਂ ’ਚ ਸਭ ਤੋਂ ਵੱਡਾ ਲੋਕਤੰਤਰ:ਵੜਿੰਗ

ਕਪੂਰਥਲਤ:-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਭਾਰਤ ਆਪਣੇ-ਆਪ ਵਿੱਚ ਵਿਸ਼ਵ ਪੱਧਰ ’ਤੇ ਸਭ ਤੋਂ ਵੱਡੇ ਲੋਕਤੰਤਰ ਵਜੋਂ ਜਾਣਿਆ ਜਾਂਦਾ ਹੈ ਪਰ ਇਹ ਦਾਅਵਾ ਸਿਰਫ਼ ਕਾਗ਼ਜ਼ਾਂ ਵਿੱਚ ਹੀ ਜਾਪਦਾ ਹੈ, ਕਿਉਂਕਿ ਠੋਸ ਹਕੀਕਤ ਇਸ ਤੋਂ ਬਿਲਕੁਲ ਉਲਟ ਹੈ।

ਸੰਸਦ ਜਿੱਥੇ ਕਿ ਸੰਸਦ ਮੈਂਬਰ ਭਾਰਤੀ ਲੋਕਤੰਤਰ ਦੇ ਅਸਲ ਸਰੂਪ ਨੂੰ ਉਜਾਗਰ ਕਰਦੇ ਹਨ, ਵਿੱਚ ਵਿਚਾਰਾਂ ਤੇ ਆਲੋਚਨਾ ਦੇ ਪ੍ਰਗਟਾਵੇ ਨੂੰ ਦਬਾਇਆ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ, ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਕਿਸੇ ਵੀ ਤਰ੍ਹਾਂ ਦੀ ਤਾਨਾਸ਼ਾਹੀ ਦਾ ਡੱਟ ਕੇ ਵਿਰੋਧ ਕਰੇਗੀ। ਉਨ੍ਹਾਂ ਕਿਹਾ, ‘‘ਪੰਜਾਬ ਵਿੱਚ ਅਸੀਂ ਨਿਰੰਤਰ ਸਰਗਰਮ ਰਹੇ ਹਾਂ, ਭਾਵੇਂ ਕਿ ਉਹ ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰਨਾ ਹੋਵੇ ਜਾਂ ਸਾਡੇ ਦੇਸ਼ ਵਿੱਚ ਜਮਹੂਰੀਅਤ ਦੇ ਖ਼ਾਤਮੇ ਦਾ ਵਿਰੋਧ ਕਰਨਾ ਹੋਵੇ।’’

## ਪੁਰੀ ਜਗਨਨਾਥ ਮੰਦਿਰ ਦੇ ਸ਼ਰਧਾਲੂਆਂ ਲਈ ਡਰੈੱਸ ਕੋਡ ਜਾਰੀ

ਪੁਰੀ:-ਸ੍ਰੀ ਜਗਨਨਾਥ ਮੰਦਿਰ ਪ੍ਰਸ਼ਾਸਨ ਨੇ ਮੰਦਿਰ ਵਿੱਚ ਦਾਖ਼ਲ ਹੋਣ ਵਾਲੇ ਸ਼ਰਧਾਲੂਆਂ ਲਈ ਡਰੈੱਸ ਕੋਡ ਲਾਜ਼ਮੀ ਕਰ ਦਿੱਤਾ ਹੈ। ਬਾਰ੍ਹਵੀਂ ਸਦੀ ਪੁਰਾਣੇ ਮੰਦਿਰ ਨੇ ਅੱਜ ਨਵੇਂ ਸਾਲ ਤੋਂ ਮੰਦਰ ਅਹਾਤੇ ਵਿਚ ਗੁਟਖਾ ਤੇ ਪਾਨ ਖਾਣ ਅਤੇ ਪਲਾਸਟਿਕ ਤੇ ਪੌਲੀਥੀਨ ਦੀ ਵਰਤੋਂ ’ਤੇ ਵੀ ਮੁਕੰਮਲ ਪਾਬੰਦੀ ਲਾ ਦਿੱਤੀ ਹੈ।

ਨਵੇਂ ਸਾਲ ਦੇ ਪਹਿਲੇ ਦਿਨ 1.80 ਲੱਖ ਤੋਂ ਵੱਧ ਸ਼ਰਧਾਲੂ ਮੰਦਿਰ ਵਿਚ ਨਤਮਸਤਕ ਹੋਏ। ਮੰਦਿਰ ਪ੍ਰਸ਼ਾਸਨ ਦੇ ਅਧਿਕਾਰੀ ਨੇ ਕਿਹਾ ਕਿ ਸ਼ਰਧਾਲੂਆਂ ਨੂੰ ਮੰਦਿਰ ’ਚ ਦਾਖਲ ਹੋਣ ਮੌਕੇ ‘ਸੱਭਿਅਕ ਕੱਪੜੇ’ ਪਾਉਣੇ ਹੋਣਗੇ। ਸ਼ਰਧਾਲੂਆਂ ਨੂੰ ਹਾਫ਼ ਪੈਂਟ, ਸ਼ਾਰਟਸ, ਫਟੀਆਂ ਜੀਨਾਂ, ਸਕਰਟਾਂ ਤੇ ਬਿਨਾਂ ਬਾਜੂ ਡਰੈੱਸਾਂ ਪਾ ਕੇ ਮੰਦਿਰ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ।



# ਸਿੱਖ ਸਭਿਆਚਾਰ ਰਾਜ-ਜੋਗੀ ਤੇ ਸਰਬੱਤ ਦੇ ਭਲੇ ਦਾ ਸੱਭਿਆਚਾਰ

ਸਭਿਆਚਾਰ ਜਾਂ ਸੰਸਕ੍ਰਿਤੀ ਵਧੀਆ ਸੰਤੁਲਤ ਸੁਘੜ ਜੀਵਨ-ਜਾਚ ਹੈ, ਜੋ ਸਾਨੂੰ ਮਨ, ਬਾਣੀ, ਕਰਮ ਕਰ ਕੇ ਸਹੀ ਤੇ ਸੋਹਣਾ ਕੰਮ ਸੁਚੱਜੇ ਤਰੀਕੇ ਨਾਲ ਕਰਨਾ ਸਿਖਾਉਂਦੀ ਹੈ।

ਇਹ ਬਾਣੀ ਦੇ ਬਗੀਚੇ ਵਿੱਚੋਂ ਉੱਠੀ ਟਹਿਕ-ਮਹਿਕ ਹੀ ਹੈ, ਜਿਸ ਨੇ ਸਿੱਖੀ ਨੂੰ ਰਸਰੰਗ-ਰੱਤਾ ਤੇ ਮਾਣ-ਮੱਤਾ ਬਣਾਇਆ ਹੈ। ਇਸ ਨੇ ਸਾਨੂੰ ਖ਼ਾਸ ਰਹਿਣੀ-ਬਹਿਣੀ, ਚਾਲ-ਢਾਲ, ਰਸਮਾਂ-ਰੀਤਾਂ, ਖਾਣ-ਪਹਿਨਣ ਤੇ ਬੋਲ-ਬਾਣੀ ਵੀ ਬਖ਼ਸ਼ੀ ਹੈ, ਜੋ ਨਿਰਾਲੇ ਹੋਣ ਦੀ ਝਲਕ ਦਿਖਾਉਂਦੀ ਹੈ। ਸਿੱਖ ਸਭਿਆਚਾਰ ਕੇਸਾਧਾਰੀ, ਦਸਤਾਰਧਾਰੀ, ਸਿਮਰਨ-ਸੇਵਾਧਾਰੀ, ਖੜਗਧਾਰੀ, ਰਾਜ-ਜੋਗੀ ਸਭਿਆਚਾਰ ਹੈ, ਜੋ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਜਿਹੇ ਉਚੇਰੇ ਨਿਸ਼ਾਨੇ ਰੱਖਦਾ ਹੈ। ਰੂਹਾਨੀ ਚੜ੍ਹਦੀ ਕਲਾ ਇਸ ਲਈ ਮੰਗੀ ਗਈ ਹੈ ਤਾਂ ਕਿ ਪਦਾਰਥਕ ਮਾਰੂਥਲ ਦੀ ਮਾਰ ਤੋਂ ਬਚਿਆ ਜਾ ਸਕੇ ਤੇ 'ਸਰਬੱਤ ਦਾ ਭਲਾ' ਇਸ ਲਈ ਨਿਸ਼ਾਨਾ ਬਣਾਇਆ ਹੈ ਤਾਂ ਕਿ ਮਨੁੱਖ ਹਉਮੈ ਤੇ ਸਵਾਰਥ ਦਾ ਸ਼ਿਕਾਰ ਹੋ ਕੇ, ਸੀਮਤ ਹੋ ਕੇ ਨਾ ਰਹਿ ਜਾਵੇ। ਇਸ ਲਈ ਬੁਰੀਆਂ ਆਦਤਾਂ ਦਾ ਤਿਆਗ ਜ਼ਰੂਰ ਕਰਨਾ ਹੀ ਹੈ ਅਤੇ ਸੰਸਾਰ ਤੇ ਪਰਿਵਾਰ ਮਾਤਰ ਦਾ ਤਿਆਗ ਕਰ ਕੇ ਭਗੌੜੇ ਨਹੀਂ ਹੋਣਾ, ਸਗੋਂ ''ਅੰਜਨ ਮਾਹਿ ਨਿਰੰਜਨਿ'' ਦੀ ਜੀਵਨ-ਜਾਚ ਇਉਂ ਅਪਣਾਉਣੀ ਹੈ; ਜਿਵੇਂ ਕਿ ਪਾਣੀ ਵਿੱਚ ਕਮਲ ਅਲੇਪ ਰਹਿ ਕੇ ਖਿੜਦਾ-ਵਿਗਸਦਾ ਹੈ। ਸੰਸਾਰੀ ਹਾਸ-ਬਿਲਾਸ ਜ਼ਿੰਦਗੀ ਦੀ ਰਾਸ ਹਨ, ਇਨ੍ਹਾਂ ਤੋਂ ਬੇਮੁੱਖ ਜਾਂ ਉਦਾਸ ਹੋ ਕੇ ਬਨਵਾਸ ਨਹੀਂ ਲੈਣਾ। ਯਤਨ ਅਜਿਹਾ ਕਰਨਾ ਹੈ ਕਿ ਸਤਿਗੁਰੂ ਦੀ ਦੱਸੀ ਜੀਵਨ ਜੁਗਤਿ ਨੂੰ ਅਪਣਾਅ ਕੇ ਗ੍ਰਹਿਸਤ ਵਿੱਚ ਨਿਰਲੇਪ ਰਹਿ ਕੇ ਰਾਜ-ਯੋਗ ਦੋਹਾਂ ਦਾ ਆਨੰਦ ਮਾਣਿਆ ਜਾ ਸਕੇ।

ਇਹ ਕੰਮ ਔਖਾ ਜ਼ਰੂਰ ਹੈ ਪਰ ਗੁਰੂ ਸਾਹਿਬਾਨ ਨੇ ਲੰਮੀ ਘਾਲਣਾ ਭਰਪੂਰ ਜ਼ਿੰਦਗੀ ਜੀਅ ਕੇ ਸਮਝਾ ਦਿੱਤਾ ਹੈ ਕਿ ਮਨੁੱਖ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਔਗੁਣ ਤਿਆਗ ਦੇਣਾ ਅਤੇ ਧਰਮ ਦੀ ਕਮਾਈ ਕਰ ਕੇ ਵੰਡ ਛੱਕਣ ਦੀ ਰੀਤ ਪਾਉਣੀ ਹੈ ਤਾਂ ਕਿ ਕੋਈ ਭੁੱਖਾ-ਨੰਗਾ ਨਾ ਰਹੇ।

''ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥'' (ਆਸਾ ਕੀ ਵਾਰ, ਮ: ੧, ਪੰਨਾ ੪੭੪) ਸੁਨਹਿਰੀ ਸਿਧਾਂਤ ਹੈ ਤੇ ''ਘਾਲਿ ਖਾਇ ਕਿਛੁ ਹਥਹੁ ਦੇਇ ॥'' (ਸਾਰੰਗ ਕੀ ਵਾਰ, ਮ: ੧, ਪੰਨਾ ੧੨੪੫) ਦੀ ਸਿੱਖਿਆ ਇਸ ਵਿੱਚ ਸੋਨੇ ਤੇ ਸੁਹਾਗੇ ਦਾ ਕੰਮ ਕਰਦਿਆਂ ਹੋਇਆਂ ਆਪਣੇ ਜੀਵਨ ਤੇ ਸਮਾਜ ਵਿੱਚ ਸੁਗੰਧੀ ਭਰਨ ਵਾਲੀ ਹੈ।

ਲੇਕਿਨ ਫਿਰ ਇਹ ਵੀ ਸਮਝਾਇਆ ਗਿਆ ਹੈ ਕਿ ਸਰਬੱਤ ਦਾ ਭਲਾ ਕਰ ਕੇ ਵੀ ਇਸ ਉੱਤੇ ਹੰਕਾਰ ਨਹੀਂ ਕਰਨਾ। ਦੇਗ਼ ਨਾਲ ਤੇਗ਼ ਦੀ ਫ਼ਤਿਹ ਦੀ ਮੰਗ ਅਰਦਾਸ ਵਿੱਚ ਇਸ ਲਈ ਕੀਤੀ ਜਾਂਦੀ ਹੈ ਕਿਉਂਕਿ ਅੰਨ-ਪਾਣੀ ਤਾਂ ਸਭ ਦੀ ਜ਼ਰੂਰਤ ਹੈ। ਧੱਕਾ-ਖੋਰ ਲੋਕ, ਸਭ ਨੂੰ ਬਰਾਬਰ ਦਾ ਵਰਤਾਰਾ ਲੈਣ ਨਹੀਂ ਦਿੰਦੇ। ਵੱਡੇ ਸਾਮਰਾਜ, ਛੋਟੇ-ਛੋਟੇ ਦੇਸ਼ਾਂ ਜਾਂ ਕੌਮਾਂ ਨੂੰ ਸਦਾ ਦਬੇਲ ਬਣਾਉਣ ਵਿੱਚ ਲੱਗੇ ਰਹਿੰਦੇ ਹਨ। ਇਸ ਲਈ ਤੇਗ ਦੀ ਫ਼ਤਿਹ ਵੀ ਮੰਗੀ ਗਈ ਹੈ ਤਾਂ ਕਿ ਕੋਈ ਕਿਤੇ ਧੱਕਾ ਨਾ ਹੋਵੇ, ਸਭ ਦਾ ਆਤਮ-ਸਨਮਾਨ ਕਾਇਮ ਰਹੇ। ਖ਼ਾਲਸੇ ਨੂੰ ਦੇਗ਼-ਤੇਗ਼ ਦਾ ਵਰਦਾਨ ਅਤੇ ਪੰਥ ਕੀ ਜੀਤ ਦੀ ਅਸੀਸ ਇਸੇ ਲਈ ਦਿੱਤੀ ਗਈ ਹੈ ਤਾਂ ਕਿ ਉਹ ਸਰਬੱਤ ਦੇ ਭਲੇ ਦਾ ਮਿਸ਼ਨ ਲੈ ਕੇ ਹਰ ਕਿਸਮ ਦੇ ਅਨਿਆਂ ਵਿਰੁੱਧ ਸੰਗਰਾਮ ਰਚਾਵੇ ਤੇ ਇਸ ਧਰਤੀ ਨੂੰ ਬੈਕੁੰਠ ਰੂਪ ਬਣਾਵੇ। ਕੇਸਰੀ ਨਿਸ਼ਾਨ ਸਾਹਿਬ (ਝੰਡਾ) ਇਸੇ ਖੇੜੇ ਦਾ ਪ੍ਰਤੀਕ ਹੈ। ਅੱਜ ਸਾਡੀ ਆਪਣੀ ਮਾਤ-ਭੂਮੀ, ਪੁੰਨ-ਭੂਮੀ ਪੰਜਾਬ, ਅਜਿਹੀਆਂ ਬੇਇਨਸਾਫ਼ੀਆਂ ਦਾ ਸ਼ਿਕਾਰ ਹੈ ਕਿ ਲੋਕ-ਰਾਜ ਹੋਣ ਦੇ ਬਾਵਜੂਦ ਲੋਕਰਾਜੀ ਪਰੰਪਰਾਵਾਂ ਗ਼ਾਇਬ ਹਨ, ਲੋਕਾਂ ਨੂੰ ਆਪਣਾ ਸਨਮਾਨ, ਸੁਤੰਤਰਤਾ ਅਤੇ ਸਮਾਜਕ ਨਿਆਂ ਪ੍ਰਾਪਤ ਨਹੀਂ। ਬਹੁ ਗਿਣਤੀ ਆਪਣੇ ਅਧਿਕਾਰਾਂ ਤੋਂ ਤਾਂ ਵਾਕਿਫ਼ ਹੈ ਪਰ ਜ਼ਿੰਮੇਵਾਰੀਆਂ ਭਾਵ ਕਰਤੱਵਾਂ ਤੋਂ ਗ਼ਾਫ਼ਲ ਹੈ, ਜਿਸ ਕਰ ਕੇ ਸਾਰੇ ਦੇਸ਼ ਵਿੱਚ ਬੇਚੈਨੀ, ਅਸੰਤੁਸ਼ਟਤਾ ਤੇ ਅਨਿਆਂ ਦੀ ਹਨ੍ਹੇਰ-ਗਰਦੀ ਮੱਚੀ ਹੋਈ ਹੈ ਤੇ ਪਿਛਲੇ ਸਮੇਂ 'ਚ ਪੰਜਾਬ ਸਭ ਤੋਂ ਵੱਧ ਸੰਤਾਪ ਦਾ ਸ਼ਿਕਾਰ ਰਿਹਾ ਹੈ। ਇਸ ਵਿਰੁੱਧ ਸੰਗਠਿਤ ਹੋ ਕੇ ਸਿਆਸੀ ਸੂਝ-ਬੂਝ ਨਾਲ ਸਭ ਪਾਸਿਆਂ ਤੋਂ ਜੂਝਣ ਦੀ ਲੋੜ ਹੈ। ਕੇਵਲ ਮਾਰੂ ਹਥਿਆਰ ਹੀ ਵਿਗੜੀ ਨਹੀਂ ਸੰਵਾਰ ਸਕਦੇ। ਇਹ ਵੀ ਧਿਆਨ ਗੋਚਰੇ ਕਰਨ ਵਾਲੀ ਗੱਲ ਹੈ ਕਿ ਸਾਡਾ ਸ਼ਾਨਦਾਰ ਸਭਿਆਚਾਰ, ਕੇਵਲ ਰਾਜਨੀਤੀ ਅਤਿਆਚਾਰ ਦੀ ਮਾਰ ਹੇਠ ਹੀ ਨਹੀਂ ਸਗੋਂ ਇਹ ਪਦਾਰਥਵਾਦ, ਕੱਟੜਵਾਦ, ਅਗਿਆਨਵਾਦ, ਦੰਭ-ਪ੍ਰਪੰਚਵਾਦ ਤੇ ਫ਼ੈਸ਼ਨਵਾਦ ਦਾ ਵੀ ਸ਼ਿਕਾਰ ਹੈ। ਇਸ ਕਰ ਕੇ ਸਾਰੇ ਪਾਸਿਆਂ ਤੋਂ ਸਾਵਧਾਨੀ ਵਰਤਣ ਦੀ ਲੋੜ ਹੈ, ਤਾਂ ਹੀ ਇਸ ਸ੍ਰੇਸ਼ਟ ਸਭਿਆਚਾਰ ਨੂੰ ਬਚਾਇਆ ਜਾ ਸਕਦਾ ਹੈ।

ਸਭਿਆਚਾਰ ਵਿੱਚ ਜਿਊਂਦਾ ਮਨੁੱਖ ਦੁਨਿਆਵੀ ਜੀਵਨ ਵਿੱਚ ਕੋਈ ਵਾਧ ਘਾਟ ਆਵੇ ਜਾਂ ਅਣਭਾਉਂਦੀ ਗੱਲ ਵਾਪਰੇ ਤਾਂ ਉਹ ਉਸ ਨੂੰ ਰੱਬ ਦਾ ਭਾਣਾ ਜਾਂ ਗੁਰੂ ਦੀ ਖੇਡ ਕਹਿ ਕੇ ਝਲਦਾ ਜਾਂਦਾ ਹੈ ਪਰ ਉਸ ਦਾ ਨਿਸ਼ਚਾ ਹੈ ਕਿ ਗੁਰੂ ਘਰ ਵਿੱਚ ਆ ਕੇ ਸੱਚੀ ਬਾਣੀ ਸੁਣ ਕੇ ਸੁੱਖਾਂ-ਭਰੀ ਸੰਗਤ ਦੇ ਦੀਦਾਰ ਪਾ ਕੇ ਖ਼ੁਸ਼ੀਆਂ ਮਿਲਦੀਆਂ ਹਨ, ਕੋਈ ਦੁੱਖ ਕਲੇਸ਼ ਰਹਿ ਹੀ ਨਹੀਂ ਜਾਂਦਾ। ਇਹ ਬੜਾ ਆਸ਼ਾਵਾਦੀ ਦ੍ਰਿਸ਼ਟੀਕੋਣ ਹੈ। ਕ੍ਰਿਤੱਗਤਾ (ਕੀਤੇ ਨੂੰ ਨਾ ਭੁੱਲਣਾ) ਤਾਂ ਐਸਾ ਇਕ ਹੀ ਹੋਰ ਗੁਣ ਹੈ ਕਿ ਉਹ ਮਾਲਕ ਨੂੰ ਸਦਾ ਸਲਾਹੁੰਦਾ ਨਹੀਂ ਥੱਕਦਾ। ਜੇ ਨਵਾਬ ਮਲੇਰਕੋਟਲਾ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਹਾਅ ਦਾ ਨਾਅਰਾ ਮਾਰਿਆ ਗਿਆ ਤਾਂ ਦਲ ਖ਼ਾਲਸਾ ਦੀ ਖ਼ੂਬੀ ਇਹ ਰਹੀ ਕਿ ਕਦੀ ਉਨ੍ਹਾਂ ਕੋਟਲੇ 'ਤੇ ਚੜ੍ਹਾਈ ਨਹੀਂ ਕੀਤੀ। ਇਹ ਸਿੱਖਾਂ ਦੇ ਕੌਮੀ ਕਿਰਦਾਰ ਦੀ ਖ਼ੂਬਸੂਰਤੀ ਹੈ। ਉਹ ਚੜ੍ਹਦੀ ਕਲਾ ਦੇ ਨਾਲ ਸਰਬੱਤ ਦਾ ਭਲਾ ਵੀ ਮੰਗਦਾ ਹੈ, 'ਨਾ ਕੋ ਬੈਰੀ ਨਾਹਿ ਬਿਗਾਨਾ' ਇਹ ਬਚਨ ਕੇਵਲ ਗਾਉਣ ਲਈ ਹੀ ਨਹੀਂ, ਸਗੋਂ ਹਰ ਘੜੀ ਕਮਾਉਣ ਲਈ ਹਨ। ਇਸੇ ਕਰ ਕੇ ਅਨੰਦਪੁਰ ਦੀ ਬਿਖੜੀ ਜੰਗ ਵਿੱਚ ਭਾਈ ਘਨ੍ਹੱਈਏ ਨੇ ਆਪਣੀ ਮਸ਼ਕ ਦਾ ਅੰਮ੍ਰਿਤ ਜਲ, ਹਰ ਜ਼ਖ਼ਮੀ ਦੇ ਬੁੱਲ੍ਹਾਂ ਨੂੰ ਛੁਹਾਇਆ-ਚਾਹੇ ਉਹ ਤੁਰਕ ਸੀ, ਚਾਹੇ ਸਿੱਖ ਭਾਈ। ਕੀਰਤਪੁਰ ਇੱਕ ਨਿਹੰਗ ਸਿੰਘ, ਸੰਗਤ ਦੇ ਲੰਘਣ ਲਈ ਇੱਧਰੋਂ ਉੱਧਰੋਂ ਮਿੱਟੀ ਪੱਧਰ ਕਰ ਕੇ ਕਿਤੇ ਕੱਚਾ ਰਸਤਾ ਤਿਆਰ ਕਰ ਰਿਹਾ ਸੀ ਤਾਂ ਅਚਾਨਕ ਅੰਗ੍ਰੇਜ਼ ਅਫ਼ਸਰ ਆ ਗਿਆ,



ਉਸ ਨੇ ਆਉਂਦਿਆਂ ਹੀ ਸਵਾਲ ਕੀਤਾ....''ਸਿੰਘ ਜੀ ! ਇਸ ਕੰਮ 'ਤੇ ਤੁਹਾਨੂੰ ਕਿਸ ਨੇ ਲਾਇਆ ਹੈ ਤੇ ਕਿੰਨੀ ਮਜ਼ੂਰੀ ਮਿਲੇਗੀ ?'' ਨਿਹੰਗ ਸਿੰਘ ਸੁਣ ਕੇ ਜੋਸ਼ ਵਿੱਚ ਆ ਗਿਆ, ਕਹਿਣ ਲੱਗਾ, ''ਖ਼ਾਲਸਾ ਖੁਦ ਬਾਦਸ਼ਾਹ ਹੈ, ਇਸ ਨੂੰ ਮਜ਼ੂਰੀ ਦੀ ਕੀ ਲੋੜ ਹੈ, ਮੈਂ ਤਾਂ ਆਉਣ ਵਾਲੀਆਂ ਸੰਗਤਾਂ ਦੇ ਲੰਘਣ ਲਈ ਇਹ ਸੇਵਾ ਕਰ ਰਿਹਾ ਹਾਂ ਤੇ ਬਸ।''

ਸੋ ਸਿੱਖ ਸਭਿਆਚਾਰ ਨੇ ਸਦਾ-ਸਦਾ ਸੇਵਕ ਬਣ ਕੇ ਸੇਵਾ-ਟਹਿਲ ਕਰ ਕੇ ਅਨੰਦਿਤ ਰਹਿਣ ਦੀ ਜੀਵਨ-ਜਾਚ ਸਿਖਾਈ ਹੈ ਇਸ ਕਰ ਕੇ ਮਨ ਕਦੀ ਢਹਿੰਦੀ ਕਲਾ ਵੱਲ ਜਾਂਦਾ ਹੀ ਨਹੀਂ।

ਫਿਰ ਇਹ ਅਵਸਥਾ ਆਪਣੇ-ਆਪ ਹੀ ਨਹੀਂ ਆ ਜਾਂਦੀ, ਇਸ ਲਈ ਇੱਕ ਖ਼ਾਸ ਕਿਸਮ ਦੇ ਅਭਿਆਸ ਵਿੱਚੋਂ ਲੰਘਣਾ ਪੈਂਦਾ ਹੈ। ਜਿਸ ਨੂੰ ਅਸੀਂ ਗੁਰਮਤਿ ਦਾ ਤ੍ਰੈ-ਨੁਕਤੀਆ ਪ੍ਰੋਗਰਾਮ ''ਗੁਰਮਤਿ ਨਾਮੁ ਦਾਨੁ ਇਸ਼ਨਾਨੁ'' ਕਰ ਕੇ ਆਖਦੇ ਹਾਂ, ਜਿਸ ਦਾ ਭਾਵ ਹੈ- ਆਤਮਕ ਪਵਿਤ੍ਰਤਾ, ਸੱਭ ਨਾਲ ਵੰਡਣ ਦੀ ਬਿਰਤੀ ਦੇ ਧਾਰਨੀ ਹੋਣਾ ਅਤੇ ਮਾਨਸਿਕ ਸ਼ੁੱਧਤਾ, ਸਰੀਰਕ ਸੁਛੱਤਾ। ਸੋ ਸਿੱਖ ਆਪਣਾ ਦਿਨ ਇਸ਼ਨਾਨ ਤੇ ਰੱਬੀ ਧਿਆਨ ਨਾਲ ਅਰੰਭ ਕਰਦਾ ਹੈ, ਤਾਂ ਉਹ ''ਜੀਅਹੁ ਨਿਰਮਲ ਬਾਹਰਹੁ ਨਿਰਮਲ'' ਹੁੰਦਾ ਹੋਇਆ ਪੂਰੀ ਤਰ੍ਹਾਂ ਤਿਆਰ-ਬਰ ਤਿਆਰ ਹੋ ਜਾਂਦਾ ਹੈ।

ਇਹ ਧਿਆਨ-ਯੋਗ ਨੁਕਤਾ ਹੈ ਕਿ ਸਭਿਆਚਾਰ ਕੇਵਲ ਧਾਰਮਕ ਸਿੱਖਿਆ 'ਤੇ ਹੀ ਨਿਰਭਰ ਨਹੀਂ ਬਲਕਿ ਇਸ ਨੂੰ ਕਲਾ ਦੇ ਪੱਖ ਤੋਂ ਵੀ ਨਿਪੁੰਨਤਾ ਤੇ ਮਹਾਰਤ ਮਿਲਣੀ ਚਾਹੀਦੀ ਹੈ। ਇਸ ਪੱਖ ਤੋਂ ਗੁਰਬਾਣੀ ਦੀ ਸਾਹਿਤਕਾਰੀ, ਸੰਗੀਤਕਾਰੀ ਦਾ ਵਿਰਸਾ ਇੰਨਾ ਭਰਪੂਰ ਤੇ ਵਿਸ਼ਾਲ ਹੈ, ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਨੇ ਆਚਰਣ ਦੇ ਨਿਰਮਾਣ ਵਿੱਚ ਬਹੁਤ ਵੱਡਾ ਹਿੱਸਾ ਪਾਇਆ ਹੈ। ਚਿੱਤਰਕਾਰੀ ਦਾ ਯੋਗਦਾਨ ਵੀ ਅਣਡਿੱਠ ਕਰਨ ਵਾਲਾ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਹੱਥ ਲਿਖਤ ਬੀੜਾਂ ਦਾ ਹਰ ਸਫ਼ਾ ਭਾਂਤ-ਭਾਂਤ ਦੇ ਫੁੱਲ ਬੂਟਿਆਂ ਨਾਲ ਸ਼ਿੰਗਾਰਿਆ ਹੁੰਦਾ ਸੀ ਤੇ ਸਿੱਖ ਸਰਦਾਰ ਇਸ ਦੀ ਕਦਰ ਕਰਦੇ ਸਨ।

ਇਸ ਤਰ੍ਹਾਂ ਗੁਰਧਾਮਾਂ ਦੀ ਚਿੱਤਰਕਾਰੀ ਤੇ ਹਰਿਮੰਦਰ ਦੀ ਉੱਚ-ਪੱਧਰੀ ਕਾਰੀਗਰੀ ਦੁਨੀਆਂ ਦੇ ਕ੍ਰਿਸ਼ਮਿਆਂ ਵਿੱਚੋਂ ਗਿਣੀ ਜਾਂਦੀ ਹੈ। ਇਸੇ ਤਰ੍ਹਾਂ ਸਿੱਖ ਦਾ ਜਿਹੜਾ ਬਾਹਰਲਾ ਸਰੂਪ ਹੈ, ਉਹ ਵੀ ਵਿਲੱਖਣ ਹੋਣ ਕਰ ਕੇ ਹਰੇਕ ਲਈ ਆਕਰਸ਼ਣ ਦਾ ਕਾਰਨ ਹੈ। ਖ਼ਾਸ ਕਰ ਕੇ ਟੋਪ-ਟੋਪੀਆਂ ਦੀ ਬਹੁ-ਗਿਣਤੀ ਵਾਲੇ ਸੰਸਾਰ ਵਿੱਚ ਸਿੱਖ ਦੀ ਦਸਤਾਰ ਦੀ ਆਪਣੀ ਵੱਖਰੀ ਲਿਸ਼ਕਾਰ ਹੈ।

ਅਜੋਕੇ ਬਿਖੜੇ ਸਮੇਂ ਵਿੱਚ ਅਜੀਬੋ-ਗ਼ਰੀਬ ਹਾਲਤ ਇਹ ਹੈ ਕਿ ਇਹ ਉਚ-ਆਚਾਰੀ ਵਿਲੱਖਣ ਸਭਿਆਚਾਰ, ਸੰਸਾਰ ਸਭਿਆਚਾਰ ਦੇ ਵਿਗੜੇ ਵਿਹਾਰ ਵਿਰੁੱਧ ਬਿਲਕੁਲ ਕੱਲਮ-ਕੱਲਾ ਟਾਕਰੇ ਉੱਤੇ ਖੜੋਤਾ ਹੈ : ਸਾਰੀ ਦੁਨੀਆਂ ਤੰਬਾਕੂ-ਨੋਸ਼ੀ, ਸ਼ਰਾਬ-ਨੋਸ਼ੀ ਤੇ ਸਮੈਕ ਆਦਿਕ ਨਸ਼ਿਆਂ ਦੀ ਸ਼ਿਕਾਰ ਹੈ ਲੇਕਿਨ ਸਿੱਖ ਸਭਿਆਚਾਰ ਇਸ ਨੂੰ 'ਜਗਤ ਜੂਠ' ਕਹਿ ਕੇ ਤਿਰਸਕਾਰਦਾ ਆ ਰਿਹਾ ਹੈ। ਸਾਰੀ ਦੁਨੀਆਂ 'ਲਿੰਗ ਸੁਤੰਤਰਤਾ' ਨੂੰ ਕੁਦਰਤੀ ਅਧਿਕਾਰ ਦੱਸ ਕੇ ਬੇਹਯਾਈ ਨਾਲ ਵਿਭਚਾਰ ਦਾ ਪ੍ਰਚਾਰ-ਪ੍ਰਸਾਰ ਕਰ ਰਹੀ ਹੈ ਤੇ ਏਡਜ਼ ਵਰਗੀਆਂ ਬੀਮਾਰੀਆਂ ਦੀ ਮਾਰ ਖਾ ਰਹੀ ਹੈ ਲੇਕਿਨ ਸਿੱਖ ਸਭਿਆਚਾਰ ਹਦਾਇਤ ਕਰ ਰਿਹਾ ਹੈ:

ਦੇਖਿ ਪਰਾਈਆਂ ਚੰਗੀਆਂ; ਮਾਵਾਂ, ਧੀਆਂ, ਭੈਣਾਂ ਜਾਣੈ। (ਭਾਈ ਗੁਰਦਾਸ)

ਅਜੋਕੀ ਸਿਆਣੀ ਦੁਨੀਆਂ 'ਨਾਸਤਿਕਤਾ' ਨੂੰ ਅਗਾਂਹ ਵਧੂ ਹੋਣ ਦਾ ਲੱਛਣ ਮੰਨ ਕੇ ਅਪਣਾਅ ਰਹੀ ਹੈ ਲੇਕਿਨ ਸਿੱਖ ਸਭਿਆਚਾਰ 'ਨਾਮ ਦੀ ਚੜ੍ਹਦੀ ਕਲਾ' ਦੀ ਜੈ-ਜੈ ਕਾਰ ਕਰ ਰਿਹਾ ਹੈ। ਇਸ ਤਰ੍ਹਾਂ ਸਿੱਖ ਸਭਿਆਚਾਰ ਦਾ ਝੰਡਾ ਚੁੱਕਣਾ, ਸਾਰੀਆਂ ਦੁਨੀਆਂ ਨਾਲ ਮੱਥਾ ਲਾਉਣ ਵਾਲੀ ਗੱਲ ਹੈ।

**-ਡਾ. ਪੁਸ਼ਪਿੰਦਰ ਸਿੰਘ**


UNIVERSAL TENT RENTAL LTD.

PARTY RENTALS
- Chair Rentals
- Tables Rentals
- Audio/Visual
- Linens Rentals
- BBQ'S Rentals
- Portable Bar
- Carpet
- Dance Floor
- Lighting
- Decor & More.






Call today to book
your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING
Email: info@universaltent.ca
www.universaltent.ca



UNIVERSAL BUILDING MAINTENANCE LTD.
Since 1987




*RESIDENTIAL *COMMERCIAL *INDUSTRIAL

- Pressure Washing
- Carpet Cleaning
- Driveway Washing & Sealing
- Gutter Cleaning
- Floor Cleaning
- Waxing & Sealing
- New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events




Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC Email:info@dreambanquethall.ca



www.deltondentures.com

# DELTON DENTURE CLINIC LTD.

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ

CONSUMER CHOICE AWARD 2018 VANCOUVER
Business Category Denturist

WE ARE DENTURISTS

ਅਸੀਂ ਜੁਬਾੜੇ ਬਣਾਉਂਦੇ ਹਾਂ

*Get a Beautiful Smile*





Chris Kozakiewicz
BSc., R.D.

Mon-Fri: 9am-5pm, Saturdays By Appointment

Scott 72 Shopping Centre

#209- 7313-120th St., Delta ( Above London Drugs & Staples )

604.590.1111



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



*3 ਜਨਵਰੀ ਦਿਨ ਬੁੱਧਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਅਖੰਡਪਾਠ ਸਾਹਿਬ ਮੇਨ ਦਰਬਾਰ ਹਾਲ ਵਿਚ ਸਵੇਰੇ 9 ਵਜੇ ਸਮੂਹ ਸੰਗਤਾਂ ਵੱਲੋਂ ਆਰੰਭ ਹੋਣਗੇ।
*5 ਜਨਵਰੀ ਦਿਨ ਸ਼ੁੱਕਰਵਾਰ ਗੁਰੂ ਗੋਬਿੰਦ ਸਿੰਘ ਜੀ ਗੁਰਪੁਰਬ ਨੂੰ ਸਮਰਪਿਤ ਅਖੰਡਪਾਠ ਸਾਹਿਬ ਦੇ ਭੋਗ ਸਵੇਰੇ 9 ਵਜੇ ਪਾਏ ਜਾਣਗੇ।
*5 ਜਨਵਰੀ ਦਿਨ ਸ਼ੁੱਕਰਵਾਰ ਬੀਬੀ ਅਮਨਦੀਪ ਕੌਰ ਖਹਿਰਾ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।
*6 ਜਨਵਰੀ ਦਿਨ ਸ਼ਨਿਚਰਵਾਰ ਬੀਬੀ ਸੁਰਿੰਦਰ ਕੌਰ ਨਮਿਤ ਸਮੂਹ ਪਰਿਵਾਰ ਵੱਲੋਂ ਰਖਾਏ ਪਾਠ ਦੇ ਭੋਗ ਅਤੇ ਅੰਤਮ ਅਰਦਾਸ ਦੁਪਹਿਰ 12 ਵਜੇ ਹੋਵੇਗੀ।
*6 ਜਨਵਰੀ ਦਿਨ ਸ਼ਨਿਚਰਵਾਰ ਸਮੂਹ ਨਗਰ ਪਿੰਡ ਵਾਂਦਰ ਜਟਾਣਾ ਦੀ ਸੰਗਤ ਵੱਲੋਂ ਦੁਪਹਿਰ ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਹੋਵੇਗੀ।
*6 ਜਨਵਰੀ ਦਿਨ ਸ਼ਨਿਚਰਵਾਰ ਸ਼ਾਮ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਬੀਬੀ ਸੁਖਵਿੰਦਰ ਕੌਰ ਅਤੇ ਸਮੂਹ ਪਰਿਵਾਰ ਵੱਲੋਂ ਹੋਵੇਗੀ।
*7 ਜਨਵਰੀ ਦਿਨ ਐਤਵਾਰ ਭੋਗ ਸ੍ਰੀ ਅਖੰਡਪਾਠ ਸਾਹਿਬ ਬੀਬੀ ਅਮਰਜੀਤ ਕੌਰ ਭੁੱਲਰ ਪਰਿਵਾਰ ਵੱਲੋਂ ।
*7 ਜਨਵਰੀ ਦਿਨ ਐਤਵਾਰ ਭੋਗ ਸ੍ਰੀ ਅਖੰਡਪਾਠ ਸਾਹਿਬ ਹਰਕੀਰਤ ਸਿੰਘ ਪਰਿਵਾਰ ਵੱਲੋਂ
*7 ਜਨਵਰੀ ਦਿਨ ਐਤਵਾਰ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰ ਸ. ਪਰਮਿੰਦਰਜੀਤ ਸਿੰਘ ਸਮੂਹ ਪਰਿਵਾਰ ਵੱਲੋਂ
*9 ਜਨਵਰੀ ਦਿਨ ਮੰਗਲਵਾਰ ਸਵੇਰੇ 9 ਵਜੇ ਭੋਗ ਸ੍ਰੀ ਅਖੰਡਪਾਠ ਸਾਹਿਬ ਬੀਬੀ ਅਮਰਜੀਤ ਕੌਰ ਅਤੇ ਪਰਿਵਾਰ ਵੱਲੋਂ

## ਅੰਮ੍ਰਿਤ ਸੰਚਾਰ

ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ ਵਿਖੇ 13 ਜਨਵਰੀ ਦਿਨ ਸ਼ਨਿਚਰਵਾਰ ਨੂੰ ਸਵੇਰੇ 6 ਵਜੇ ਅੰਮ੍ਰਿਤ ਸੰਚਾਰ ਹੋਵੇਗਾ। ਸਮੂਹ ਅੰਮ੍ਰਿਤ ਅਭਿਲਾਸ਼ੀ ਆਪਣੇ ਨਾਮ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਨੂੰ ਦਰਜ ਕਰਵਾਉਣ।

**ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ 3 ਜਨਵਰੀ ਦਿਨ ਬੁੱਧਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਮੇਨ ਹਾਲ ਵਿਖੇ ਸਵੇਰੇ 9 ਵਜੇ ਆਰੰਭ ਹੋਣਗੇ ਅਤੇ ਭੋਗ 5 ਜਨਵਰੀ ਦਿਨ ਸ਼ੁੱਕਰਵਾਰ ਸਵੇਰੇ 9 ਵਜੇ ਪਾਏ ਜਾਣਗੇ। ਸਮੂਹ ਸੰਗਤਾਂ ਨੇ ਤਿੰਨੇ ਦਿਨ ਸੇਵਾ ਕਰ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨਗੀਆਂ ਜੀ**

**ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠਾਂ ਦੀ ਲੜੀ ਆਰੰਭ ਹੈ ਲੜੀ ਵਿਚ ਅਖੰਡ ਪਾਠ ਦੀ ਸੇਵਾ ਲੈਣ ਲਈ ਗੁਰਦੁਆਰਾ ਸਾਹਿਬ ਵਿਖੇ ਸੰਪਰਕ ਕਰੋ ਜੀ**

## ਸਵੇਰ ਦੇ ਨਿਤਨੇਮ


*ਪ੍ਰਕਾਸ਼ ਸਵੇਰੇ 3.30 ਵਜੇ *ਸਿਮਰਨ ਸਵੇਰੇ 4 ਵਜੇ ਤੋਂ 5 ਵਜੇ ਤੱਕ
*5 ਬਾਣੀਆਂ ਦੇ ਨਿਤਨੇਮ 5 ਵਜੇ ਤੋਂ 6.30 ਵਜੇ ਤੱਕ
*ਕੀਰਤਨ ਆਸਾ ਦੀ ਵਾਰ 6.30 ਤੋਂ 8 ਵਜੇ ਤੱਕ
*ਕਥਾ 8 ਵਜੇ ਤੋਂ 9 ਵਜੇ ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

## ਸ਼ਾਮ ਦੇ ਨਿਤਨੇਮ

*ਸ਼ਬਦ ਕੀਰਤਨ 2.45 ਤੋਂ 3.45 ਤੱਕ *ਸੋ-ਦਰ ਚੌਂਕੀ 3.45 ਤੋਂ 4.45 ਤੱਕ
*ਪਾਠ ਸ੍ਰੀ ਰਹਿਰਾਸ ਸਾਹਿਬ ਅਤੇ ਅਰਦਾਸ 4.45 ਤੋਂ 5.30
*ਆਰਤੀ ਚੌਂਕੀ 5.30 ਤੋਂ 6.15 *ਕਥਾ 6.15 ਤੋਂ 6.50 ਵਜੇ ਤੱਕ
*ਢਾਡੀ 6.50 ਤੋਂ 7.40 ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਿੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ,
ਭਾਈ ਅਵਤਾਰ ਸਿੰਘ ਲੁਧਿਆਣਾ ਵਾਲੇ,
ਭਾਈ ਨਿਰਮਲ ਸਿੰਘ ਸੰਗਰੂਰ ਵਾਲੇ, ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ


ਹਾਜਰੀ ਭਰ ਰਿਹਾ ਢਾਡੀ ਜਥਾ

5 ਜਨਵਰੀ ਦਿਨ ਸ਼ੁੱਕਰਵਾਰ
ਸਵੇਰੇ 11 ਵਜੇ ਤੋਂ 12 ਤੱਕ
ਭਾਈ ਸ਼ਿਵਤੇਜ ਸਿੰਘ ਜੀ ਦਿੱਲੀ ਵਾਲੇ
ਕਥਾ ਵਿਚਾਰਾ ਨਾਲ ਨਿਹਾਲ ਕਰਨਗੇ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530

ਬਲਵੀਰ ਸਿੰਘ ਬਨਵੈਤ (ਪ੍ਰਧਾਨ):604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570
ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ):778-201-5310, ਭਾਈ ਬਲਵਿੰਦਰ ਸਿੰਘ ਭੌਰਲਾ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)

# OZLA OZLA FURNITURE

## ALL KINDS OF DESIGNER, MODERN AND CUSTOM FURNITURE































*CUSTOM BEDROOM SUITES

*BOX BEDS *HEADBOARDS

*DRESSERS *CHESTS

*MIRROR *SIDE TABLES

## MADE IN CANADA

ਅਸੀਂ ਆਪਣੀ ਫੈਕਟਰੀ ਵਿਚ ਆਪਣਾ ਸਾਰਾ ਸਮਾਨ ਵਧੀਆ ਕੁਆਲਿਟੀ ਦਾ ਬਣਾਉਂਦੇ ਹਾਂ।
ਅਸੀਂ ਆਪ ਮੈਨੂਫੈਕਚੁਅਰ ਹਾਂ।ਸਾਡੀ ਫਰਨੀਚਰ ਕੁਆਲਿਟੀ ਨੂੰ ਕੋਈ ਬੀਟ ਨਹੀਂ ਕਰ ਸਕਦਾ।

Business Hours:
Mon-Fri 6am to 2pm
Saturday/Sunday:Closed

# 604-372-2122

Email:info@ozla.ca

#109-18669 52 AVE SURREY, BC

www.ozla.ca

# SHADEED BHAI MEWA SINGH
## FIRE SAFETY SEARCH RESCUE SOCIETY



ਆਪ ਜੀ ਦੀ ਸੇਵਾ ਵਿੱਚ ਸਮਿਨਰ ਬੇਨਤੀ ਹੈ ਕਿ ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਪਹਿਚਾਨ ਨੂੰ ਕਨੇਡੀਅਨ ਸੁਸਾਇਟੀ ਵਿੱਚ ਅਮਰ ਕਰਨ ਲਈ ਇੱਕ ਫਾਇਰ ਟਰੱਕ ਖਰੀਦਿਆ ਜਾਣਾ ਹੈ, ਇਸ ਲਈ ਆਪ ਜੀ ਇਸ ਸੇਵਾ ਵਿੱਚ ਵੱਧ ਤੋਂ ਵੱਧ ਆਪਣੀ ਮਾਇਆ ਸਫਲ ਕਰਕੇ ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਪਹਿਚਾਨ ਨੂੰ ਕਨੇਡਾ ਦੇ ਆਮ ਵਸਨੀਕਾਂ ਤੱਕ ਪਹੁੰਚਾਣ ਦਾ ਹਿੱਸਾ ਬਣੋ ਜੀ।

**We have to buy A Fire Truck for Shaheed Bhai Mewa Singh Fire Safety Search Rescue Society. So please donate as much as possible !**

+1 604 712 9879(SUKHI)

## ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਸਾਲਾਨਾ ਯਾਦ ਵਿੱਚ

ਸਵ. ਭਾਈ ਭਰਪੂਰ ਸਿੰਘ ਸੇਖੋਂ ਦੇ ਸਪੁੱਤਰ ਭਾਈ ਤੇਜਵਿੰਦਰ ਸਿੰਘ ਜੀ ਸੇਖੋਂ ਦੇ ਪਰਿਵਾਰ ਵਲੋਂ ਗੁਰਦੁਆਰਾ ਸਾਹਿਬ ਸੁਖ ਸਾਗਰ ਨਿਊ ਵੈਸਟਮਿਨਸਟਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਜਾ ਰਹੇ ਹਨ।

### ਪ੍ਰੋਗਰਾਮਾਂ ਦਾ ਵੇਰਵਾ

- ਅਰੰਭਤਾ ਸ੍ਰੀ ਅਖੰਡ ਪਾਠ ਸਾਹਿਬ : 12 ਜਨਵਰੀ ਦਿਨ ਸ਼ੁੱਕਰਵਾਰ ਸਵੇਰੇ 9.00 ਵਜੇ
- ਸੰਪੂਰਨਤਾ ਸ੍ਰੀ ਅਖੰਡ ਪਾਠ ਸਾਹਿਬ : 14 ਜਨਵਰੀ ਦਿਨ ਐਤਵਾਰ ਸਵੇਰੇ 9.00 ਵਜੇ

ਉਪਰੰਤ ਦੁਪਹਿਰ 12.30 ਵਜੇ ਤੱਕ ਦੀਵਾਨ ਸਜਨਗੇ।

ਆਪ ਜੀ ਨੇ ਪਰਿਵਾਰਾਂ ਸਮੇਤ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ।

from late Bhai Bharpur Singh ji Sekhon, Bhai Tejvinder Singh Sekhon family

## In the Yearly Sweet Memory of Shaheed Bhai Mewa Singh ji

- Commencement of Siri Akhand Path Sahib : 12 Jan. 2024 (Fri) at 9.00 a.m.
- Conclusion of Siri Akhand Path Sahib : 14th Jan. 2024 (Sun) at 9.00 a.m.

Program will be performed upto 12.30 a.m.

at Gurdwara Sahib Sukh Sagar, 347 wood street, New Westminster BC V3M 5K6

**From Sekhon Noteries : 604 503 1313, 604 503 5013**

# ਜੇਲ੍ਹ ਵਿਚੋਂ ਬਲਵੰਤ ਸਿੰਘ ਰਾਜੋਆਣਾ ਨੇ ਗ੍ਰਹਿ ਮੰਤਰੀ ਨੂੰ ਭੇਜਿਆ ਜਵਾਬ, ਕਿਹਾ:ਮੁਆਫ਼ੀ ਨਹੀਂ ਮੰਗਾਂਗਾ

ਕਿਸ ਗੱਲ ਦਾ, ਮਾਫ਼ੀ ਕਿਸ ਗੱਲ ਦੀ ?

ਮੈਂ ਤੁਹਾਨੂੰ ਇਹ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਤੁਹਾਡੀ ਪਾਰਟੀ ਦੇ ਸਿਰਮੌਰ ਆਗੂ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਜੀ ਨੇ ਪਾਰਲੀਮੈਂਟ ਵਿੱਚ ਖੜ੍ਹ ਕੇ ਇਹ ਕਿਹਾ ਸੀ ਕਿ 1984 ਵਿੱਚ ਕਾਂਗਰਸੀ ਹੁਕਮਰਾਨਾਂ ਵਲੋਂ ਸਿੱਖਾਂ ਦੇ ਸਰਵ-ਉੱਚ ਧਾਰਮਿਕ ਅਸਥਾਨ ਰੂਹਾਨੀਅਤ ਦੇ ਕੇਂਦਰ "ਸ਼੍ਰੀ ਦਰਬਾਰ ਸਾਹਿਬ ਜੀ"ਤੇ ਟੈਂਕਾਂ ਅਤੇ ਤੋਪਾਂ ਨਾਲ ਕੀਤਾ ਗਿਆ ਹਮਲਾ ਅਤੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਕੀਤਾ ਗਿਆ ਕਤਲੇਆਮ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਸੀਨੇ ਵਿੱਚ ਖੋਭਿਆ ਹੋਇਆ ਖੰਜਰ ਹੈ, ਕਾਂਗਰਸੀ ਹੁਕਮਰਾਨਾਂ ਵਲੋਂ ਕੀਤੇ ਹੋਏ ਗੁਨਾਹ ਅਤੇ ਪਾਪ ਹਨ।ਤਾਂ ਹੀ ਤਾਂ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਨ ਵਾਲੇ ਚਾਰ ਪ੍ਰੀਸ਼ਤ ਜਾਅਲੀ ਵੋਟ ਨਾਲ ਧੱਕੇ ਨਾਲ ਬਣੇ ਕਾਂਗਰਸ ਪਾਰਟੀ ਦੇ ਮੁੱਖ ਮੰਤਰੀ ਦੇ ਪਾਪਾਂ ਅਤੇ ਗੁਨਾਹਾਂ ਦਾ ਅੰਤ ਕਰਨ ਵਾਲੇ "ਭਾਈ ਦਿਲਾਵਰ ਸਿੰਘ ਜੈ ਸਿੰਘ ਵਾਲਾ" ਨੂੰ "ਸ਼੍ਰੀ ਅਕਾਲ ਤਖ਼ਤ ਸਾਹਿਬ ਜੀ" ਵੱਲੋਂ "ਕੌਮੀ ਸ਼ਹੀਦ" ਦਾ ਦਰਜਾ ਦਿੱਤਾ ਗਿਆ ਹੈ। ਸਿੱਖ ਕੌਮ ਵੱਲੋਂ "ਭਾਈ ਦਿਲਾਵਰ ਸਿੰਘ ਜੈ ਸਿੰਘ ਵਾਲਾ" ਦੀ ਫੋਟੋ ਸਿੱਖ ਅਜਾਇਬ ਘਰ ਵਿੱਚ ਬਹੁਤ ਹੀ ਮਾਣ ਨਾਲ ਸੁਸ਼ੋਭਿਤ ਕੀਤੀ ਗਈ ਹੈ। ਹੁਣ ਤੁਸੀਂ ਹੀ ਜੇਕਰ ਕਾਂਗਰਸ ਦੇ ਪਾਪਾਂ ਦਾ ਹਾਰ ਬਣਾ ਕੇ ਆਪਣੇ ਗਲ ਵਿੱਚ ਪਾਉਣਾ ਚਾਹੁੰਦੇ ਹੋ ਤਾਂ ਫਿਰ ਉਸ ਦਾ ਵੀ ਸਵਾਗਤ ਹੈ।

ਹੁਣ ਤੁਸੀਂ ਹੀ ਦੱਸੋ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਸੀਨੇ ਵਿੱਚ ਖੰਜਰ ਖੋਭਣ ਵਾਲੇ ਗੁਨਾਹਗਾਰਾਂ ਨਾਲ, ਪਾਪੀਆਂ ਨਾਲ ਖੜਨਾ, ਉਨ੍ਹਾਂ ਦੀ ਪੁਸਤਪਨਾਹੀ ਕਰਨਾ ਗੁਨਾਹ ਹੈ ਜਾਂ ਇਨ੍ਹਾਂ ਪਾਪੀਆਂ ਦੇ ਖਿਲਾਫ਼ ਲੜ੍ਹਨਾਂ ਗੁਨਾਹ ਹੈ ? ਤੁਹਾਡੇ ਵੱਲੋਂ ਪਾਰਲੀਮੈਂਟ ਵਿੱਚ ਦਿੱਤਾ ਹੋਇਆ ਬਿਆਨ ਕਾਂਗਰਸੀ ਹੁਕਮਰਾਨਾਂ ਦੇ ਜ਼ੁਲਮਾਂ ਨਾਲ ਜਖ਼ਮੀ ਹੋਈਆਂ ਸਿੱਖ ਭਾਵਨਾਵਾਂ ਦਾ ਅਤੇ ਮੋਦੀ ਜੀ ਵੱਲੋਂ ਪ੍ਰਗਟ ਕੀਤੀਆਂ ਭਾਵਨਾਵਾਂ ਦਾ ਅਪਮਾਨ ਹੈ।

ਅਮਿਤ ਸ਼ਾਹ ਜੀ, ਜਿੱਥੋਂ ਤੱਕ ਦੇਸ਼ ਦੇ ਸੰਵਿਧਾਨ ਨੂੰ ਮੰਨਣ ਦੀ ਜਾਂ ਨਾ ਮੰਨਣ ਦੀ ਗੱਲ ਹੈ। ਮੈਂ ਅਦਾਲਤ ਵਿੱਚ ਸੱਚ ਬੋਲਿਆ, ਮੈਂ ਜੋ ਵੀ ਕੀਤਾ, ਉਸਨੂੰ ਅਦਾਲਤ ਵਿੱਚ ਸਵੀਕਾਰ ਕਰ ਲਿਆ । ਮੈਂ ਅਦਾਲਤਾਂ ਨੂੰ ਇਹ ਵੀ ਦੱਸਿਆ ਕਿ ਮੈਂ ਇਹ ਸੱਭ ਕਿਉਂ ਕੀਤਾ ਹੈ। ਮੈਂ ਅਦਾਲਤਾਂ ਦੀ ਝੂਠੀ ਕਾਰਵਾਈ ਦਾ ਹਿੱਸਾ ਨਹੀਂ ਬਣਿਆ। ਤੁਸੀਂ ਕਹਿੰਦੇ ਹੋ ਕਿ ਸੰਵਿਧਾਨ ਨੂੰ ਨਹੀਂ ਮੰਨਦਾ।ਮੈਂ ਤੁਹਾਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਦਿੱਲੀ ਦੀਆਂ ਗਲੀਆਂ ਵਿੱਚ ਕਤਲੇਆਮ ਕਰਨ ਵਾਲੇ, ਗੁਜਰਾਤ ਦੰਗਿਆਂ ਦੇ ਦੋਸ਼ੀ, ਬੀਬੀ ਬਿਲਕਿਸ ਬਾਨੋ ਦੇ ਗੁਨਾਹਗਾਰ ਅਤੇ ਹੋਰ ਵੀ ਘਿਨੌਣੇ ਤੋਂ ਘਿਨੌਣੇ ਅਪਰਾਧ ਕਰਨ ਵਾਲੇ ਸਾਰੇ ਗੁਨਾਹਗਾਰ ਅਤੇ ਅਪਰਾਧੀ ,ਕੀ ਸੰਵਿਧਾਨ ਨੂੰ ਮੰਨਣ ਵਾਲੇ ਲੋਕ ਹਨ ? ਕੀ ਸੰਵਿਧਾਨ ਉਨ੍ਹਾਂ ਨੂੰ ਇਹ ਸਾਰੇ ਘਿਨੌਣੇ ਅਪਰਾਧ ਕਰਨ ਦੀ ਇਜਾਜ਼ਤ ਦਿੰਦਾ ਹੈ?

ਫਿਰ ਤਾਂ ਅਜ਼ਬ ਹੈ ਤੁਹਾਡਾ ਸੰਵਿਧਾਨ ਨੂੰ ਮੰਨਣ ਦਾ ਫਲਸਫ਼ਾ ! ਕਿ ਜਿੰਨੇ ਮਰਜ਼ੀ ਘਿਨੌਣੇ ਤੋਂ ਘਿਨੌਣੇ ਅਪਰਾਧ ਕਰੋ, ਫਿਰ ਅਦਾਲਤਾਂ ਵਿੱਚ ਆ ਕੇ ਮੁਨਕਰ ਹੋ ਜਾਵੋ, ਚੰਗੇ ਵਕੀਲ ਕਰੋ, ਕੇਸ ਲੜੋ ਅਤੇ ਆਪਣੇ ਆਪ ਨੂੰ ਨਿਰਦੋਸ਼ ਸਾਬਿਤ ਕਰੋ ਅਤੇ ਰਿਹਾਅ ਹੋ ਜਾਵੋ। ਕੀ ਫਿਰ ਤੁਹਾਡਾ ਸੰਵਿਧਾਨ ਨੂੰ ਮੰਨਣ ਦਾ ਇਹ ਸਾਰਾ ਵਰਤਾਰਾ ਝੂਠ, ਧੋਖੇ, ਫਰੇਬ ਅਤੇ ਗੁਨਾਹਗਾਰਾਂ ਅਤੇ ਅਪਰਾਧੀਆਂ ਦੀ ਪੁਸਤਪਨਾਹੀ ਨਹੀਂ ਕਰ ਰਿਹਾ? ਇਸ ਝੂਠ ਦੇ ਚੱਲ ਰਹੇ ਕਾਰੋਬਾਰ ਦੇ ਵਿੱਚੋਂ ਸੱਚ ਨੂੰ ਸਮਰਪਿਤ ਸੱਭਿਅਕ ਸਮਾਜ ਦੀ ਸਿਰਜਣਾ ਕਿਵੇਂ ਹੋ ਸਕੇਗੀ। ਤੁਹਾਨੂੰ ਸੋਚਣ ਦੀ ਜਰੂਰਤ ਹੈ। ਤੁਹਾਨੂੰ ਸੱਚ ਤੋਂ ਡਰਨ ਦੀ ਨਹੀਂ ਸਗੋਂ ਸੱਚ ਦਾ ਸਨਮਾਨ ਕਰਨ ਦੀ ਜਰੂਰਤ ਹੈ,ਨਹੀਂ ਤਾਂ ਸੱਚ ਸਾਡੇ ਜੀਵਨਾਂ ਦੇ ਵਿੱਚੋਂ ਸੱਚ ਸਮਾਪਤ ਹੋ ਜਾਵੇਗਾ। ਵੈਸੇ ਸੱਚ ਅਤੇ ਹੁਕਮਰਾਨਾਂ ਦਾ ਸਦੀਆਂ ਤੋਂ ਵੈਰ ਹੀ ਰਿਹਾ ਹੈ।

ਅਮਿਤ ਸ਼ਾਹ ਜੀ, ਜਦੋਂ ਮੈਂ ਅਦਾਲਤਾਂ ਵਿੱਚ ਆਪਣੇ ਕੀਤੇ ਨੂੰ ਸਵੀਕਾਰ ਹੀ ਕਰ ਲਿਆ, ਉਸ ਦੇ ਬਦਲੇ ਮਿਲੀ ਸਜ਼ਾ ਨੂੰ ਵੀ ਹੱਸ ਕੇ ਸਵੀਕਾਰ ਕਰ ਲਿਆ। ਫਿਰ ਕਿਸੇ ਅੱਗੇ ਕੋਈ ਅਪੀਲ ਕਰਨ ਦਾ ਜਾਂ ਫਿਰ ਕਿਸੇ ਤੋਂ ਰਹਿਮ ਮੰਗਣ ਦਾ ਤਾਂ ਕੋਈ ਸਵਾਲ ਪੈਦਾ ਨਹੀਂ ਹੁੰਦਾ। ਇਹ ਅਪੀਲ ਜਿਹੜੀ ਤੁਹਾਡੇ ਕੋਲ ਪਿਛਲੇ 12 ਸਾਲਾਂ ਤੋਂ ਵਿਚਾਰ ਅਧੀਨ ਹੈ, ਇਹ ਅਪੀਲ ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਦੇ ਅਨੁਸਾਰ "ਸ਼੍ਰੀ ਅਕਾਲ ਤਖ਼ਤ ਸਾਹਿਬ" ਜੀ ਦੇ ਆਦੇਸ਼ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਈ ਗਈ ਹੈ। ਜਿਸ ਨੂੰ ਦੇਸ਼ ਦੇ ਰਾਸ਼ਟਰਪਤੀ ਨੇ ਸਵੀਕਾਰ ਕੀਤਾ, ਜਿਸ ਤੇ ਕਾਰਵਾਈ ਕਰਦੇ ਹੋਏ ਦੇਸ਼ ਦੇ ਗ੍ਰਹਿ ਮੰਤਰਾਲੇ ਨੇ ਮੇਰੀ ਫਾਂਸੀ ਦੀ ਸਜ਼ਾ ਤੇ ਰੋਕ ਲਗਾ ਦਿੱਤੀ ,ਜਿਸ ਅਪੀਲ ਤੇ ਤੁਹਾਡੀ ਸਰਕਾਰ ਨੇ "ਸ਼੍ਰੀ ਗੁਰੂ ਨਾਨਕ ਦੇਵ ਜੀ" ਦੇ 550 ਸਾਲਾਂ ਪ੍ਰਕਾਸ਼ ਪੁਰਬ ਤੇ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਮੇਰੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦਾ ਐਲਾਨ ਕੀਤਾ, ਜਿਸ ਅਪੀਲ ਤੇ ਫੈਸਲਾ ਲੈਣ ਲਈ ਦੇਸ਼ ਦੀ ਸੁਪਰੀਮ ਕੋਰਟ ਦੇ ਤਿੰਨ ਚੀਫ਼ ਜਸਟਿਸ ਸਹਿਬਾਨ ਨੇ ਤੁਹਾਨੂੰ 7 ਆਰਡਰ ਜਾਰੀ ਕੀਤੇ ਅਤੇ ਜਿਹੜੀ ਅਪੀਲ ਪਿਛਲੇ 12 ਸਾਲਾਂ ਤੋਂ ਤੁਹਾਡੇ ਕੋਲ ਵਿਚਾਰ- ਅਧੀਨ ਪਈ ਹੈ।ਉਸ ਅਪੀਲ ਤੇ ਅੱਜ ਤੁਹਾਡੇ ਵੱਲੋਂ ਕੋਈ ਕਿੰਤੂ-ਪਰੰਤੂ ਕਰਨਾ ਇਨ੍ਹਾਂ ਸਾਰੀਆਂ ਹੀ ਸ਼ੰਸਥਾਵਾਂ ਦਾ ਅਪਮਾਨ ਹੈ। ਫਿਰ ਵੀ ਇਸ ਅਪੀਲ ਤੇ ਕੋਈ ਵੀ ਫੈਸਲਾ ਲੈਣਾ ਤੁਹਾਡਾ ਅਧਿਕਾਰ ਖੇਤਰ ਹੈ। ਜਿਸ ਫੈਸਲੇ ਦਾ ਮੈਂ ਬਹੁਤ ਲੰਮੇ ਸਮੇਂ ਤੋਂ ਇੰਤਜ਼ਾਰ ਕਰ ਰਿਹਾ ਹਾਂ। ਵੈਸੇ ਵੀ "ਸ਼੍ਰੀ ਅਕਾਲ ਤਖ਼ਤ ਸਾਹਿਬ ਜੀ" ਤੋਂ ਕਿਸੇ ਗੁਨਾਹਗਾਰਾਂ ਦੀ ਪੁਸਤਪਨਾਹੀ ਨਹੀਂ ਕੀਤੀ ਜਾਂਦੀ, ਸਗੋਂ ਕੌਮ ਦੀਆਂ ਭਾਵਨਾਵਾਂ ਦੀ ਰਹਿਨੁਮਾਈ ਅਤੇ ਸਨਮਾਨ ਹੀ ਕੀਤਾ ਜਾਂਦਾ ਹੈ।ਅਮਿਤ ਸ਼ਾਹ ਜੀ, ਅਜੇ ਪਿਛਲੇ ਦਿਨੀਂ ਹੀ ਭਾਰਤ ਸਰਕਾਰ ਨੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ "ਵੀਰ-ਬਾਲ"ਦਿਵਸ ਪੂਰੇ ਦੇਸ਼ ਵਿੱਚ ਬਹੁਤ ਹੀ ਸ਼ਰਧਾ ਨਾਲ ਮਨਾਇਆ ਹੈ। ਇਸ ਮੌਕੇ ਵੀ ਪ੍ਰਧਾਨ ਮੰਤਰੀ ਜੀ ਨੇ ਇਹ ਕਿਹਾ ਹੈ ਕਿ ਦੇਸ਼ ਸਾਹਿਬਜ਼ਾਦਿਆਂ ਦੀਆਂ ਮਹਾਨ ਸ਼ਹਾਦਤਾਂ ਤੋਂ ਪ੍ਰੇਰਣਾ ਲੈ ਰਿਹਾ ਹੈ।ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਤੋਂ ਤਾਂ ਜ਼ੁਲਮ ਦੇ ਖਿਲਾਫ਼,ਗੁਨਾਹਗਾਰਾਂ ਦੇ ਖਿਲਾਫ਼ ਅਤੇ ਪਾਪੀਆਂ ਦੇ ਖਿਲਾਫ਼ ਲੜਨ ਦੀ ਪ੍ਰੇਰਣਾ ਮਿਲਦੀ ਹੈ, ਨਾ ਕਿ ਜ਼ਾਲਮਾਂ ਤੋਂ ਅਤੇ ਪਾਪੀਆਂ ਤੋਂ ਰਹਿਮ ਮੰਗਣ ਦੀ ਅਤੇ ਉਨ੍ਹਾਂ ਦੀ ਈਨ ਮੰਨਣ ਦੀ। ਤੁਸੀਂ ਮੈਨੂੰ ਸਿੱਖ ਧਰਮ ਤੇ ਹਮਲਾ ਕਰਨ ਵਾਲੇ ਅਤੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕਰਨ ਵਾਲੇ ਕਾਂਗਰਸੀ ਹੁਕਮਰਾਨਾਂ ਦੇ ਖਿਲਾਫ਼ ਆਪਣੇ ਚੱਕੇ ਹੋਏ ਕਦਮ ਦੀ ਮਾਫ਼ੀ ਮੰਗਣ ਅਤੇ ਪਛਤਾਵਾ ਕਰਨ ਲਈ ਕਹਿ ਰਹੇ ਹੋ।

ਇਹ ਕਦੇ ਵੀ ਨਹੀਂ ਹੋ ਸਕਦਾ, ਤੁਸੀਂ ਗੱਲਾਂ ਤਾਂ ਧਰਮ ਦੀਆਂ ਕਰਦੇ ਹੋ ਪਰ ਪੁਸਤਪਨਾਹੀ ਗੁਨਾਹਗਾਰਾਂ ਅਤੇ ਪਾਪੀਆਂ ਦੀ ਕਰ ਰਹੇ ਹੋ।ਤੁਹਾਡੀ ਕਹਿਣੀ ਅਤੇ ਕਰਣੀ ਵਿੱਚ ਬਹੁਤ ਫ਼ਰਕ ਹੈ। ਤੁਸੀਂ ਪਾਰਲੀਮੈਂਟ ਵਿੱਚ ਖੜ੍ਹ ਕੇ ਔਰਤ ਦੇ ਸਨਮਾਨ ਦੀਆਂ ਬਹੁਤ ਵੱਡੀਆਂ-ਵੱਡੀਆਂ ਗੱਲਾਂ ਕਰਦੇ ਹੋ। ਔਰਤਾਂ ਦੇ ਖਿਲਾਫ਼ ਹੋਣ ਵਾਲੇ ਘਿਨੌਣੇ ਅਪਰਾਧਾਂ ਲਈ ਸਖ਼ਤ ਤੋਂ ਸਖ਼ਤ ਕਾਨੂੰਨ ਬਣਾਉਣ ਦੀ ਗੱਲ ਕਰਦੇ ਹੋ। ਪਰ ਜਦੋਂ ਹਕੀਕਤ ਵਿੱਚ ਦੇਖਦੇ ਹਾਂ ਤਾਂ ਸਾਡੇ ਦੇਸ਼ ਦੀਆਂ ਮਾਣ ਉਲੰਪਿਕ ਵਿੱਚੋਂ ਮੈਡਲ ਜਿੱਤਣ ਵਾਲੀਆਂ ਸਾਡੀਆਂ ਬੇਟੀਆਂ ਦਾ ਸਰੀਰਕ ਸ਼ੋਸ਼ਣ ਕਰਨ ਵਾਲੇ ਬ੍ਰਿਜਭੂਸਨ ਵਰਗੇ ਦਰਿੰਦੇ ਤੁਹਾਡੇ ਨਾਲ ਖੜ੍ਹੇ ਨਜ਼ਰ ਆਉਂਦੇ ਹਨ। ਤੁਸੀਂ ਆਪਣੇ ਮੈਡਲ ਅਤੇ ਅਵਾਰਡ ਵਾਪਸ ਕਰ ਰਹੀਆਂ ਸਾਡੇ ਦੇਸ਼ ਦੀਆਂ ਮਾਣ ਬੇਟੀਆਂ ਦੀ ਪੁਕਾਰ ਸੁਣਨ ਨੂੰ ਤਿਆਰ ਨਹੀਂ ਹੋ।

ਤੁਸੀਂ ਬੀਬੀ ਬਿਲਕਿਸ ਬਾਨੋ ਨਾਲ ਸਮੂਹਿਕ ਜਬਰ ਜਨਾਹ ਕਰਨ ਵਾਲੇ, ਉਸ ਦੇ ਪਰਿਵਾਰ ਦੇ ਸੱਤ ਜੀਆਂ ਦਾ ਕਤਲ ਕਰਨ ਵਾਲੇ ਅਤੇ ਉਸ ਦੀ ਮਾਸੂਮ ਬੇਟੀ ਦਾ ਸਿਰ ਧੜ ਤੋਂ ਅਲੱਗ ਕਰਨ ਵਾਲੇ ਪਾਪੀ ਗੁਨਾਹਗਾਰਾਂ ਨੂੰ ਅਜ਼ਾਦੀ ਦੇ ਅਮ੍ਰਿਤ ਕਾਲ ਦੇ 75ਵੇਂ ਦਿਵਸ ਤੇ ਲੰਮੀਆਂ ਪੈਰੋਲਾਂ ਦੇਣ ਤੋਂ ਬਾਅਦ ਦੇਸ਼ ਭਗਤਾਂ ਦੀ ਤਰ੍ਹਾਂ ਸੰਸਕਾਰੀ ਬ੍ਰਾਹਮਣ ਕਹਿ ਕੇ ਸਿਰਫ਼ 14 ਸਾਲਾਂ ਬਾਅਦ ਰਿਹਾਅ ਹੀ ਨਹੀਂ ਕਰਦੇ, ਸਗੋਂ ਉਨ੍ਹਾਂ ਨੂੰ ਆਪਣੀ ਪਾਰਟੀ ਦੀਆਂ ਸਟੇਜਾਂ ਤੇ ਬੁਲਾ ਕੇ ਸਨਮਾਨਿਤ ਵੀ ਕਰਦੇ ਹੋ।

ਉਹ ਵੀ ਉਨ੍ਹਾਂ ਨੂੰ ਜਿਨ੍ਹਾਂ ਤੇ ਪੈਰੋਲ ਤੇ ਗਿਆ ਤੇ ਫਿਰ ਬਲਾਤਕਾਰ ਦੇ ਕੇਸ ਦਰਜ਼ ਹੋਏ ਸਨ। ਤੁਸੀਂ ਆਪਣੀਆਂ ਸਾਧਵੀਆਂ ਨਾਲ ਬਲਾਤਕਾਰ ਕਰਨ ਦੇ ਦੋਸ਼ੀ ਡੇਰਾ ਮੁਖੀ ਨੂੰ ਹਰ ਚੋਣਾਂ ਤੋਂ ਪਹਿਲਾਂ ਸਿਰਫ ਪੈਰੋਲ ਤੇ ਰਿਹਾਅ ਹੀ ਨਹੀਂ ਕਰਦੇ ਸਗੋਂ ਤੁਹਾਡੀ ਪਾਰਟੀ ਦੇ ਆਗੂ ਉਸ ਬਲਾਤਕਾਰੀ ਨੂੰ ਸਰਕਾਰੀ ਸਮਾਗਮਾਂ ਦਾ ਮੁੱਖ ਮਹਿਮਾਨ ਵੀ ਬਣਾਉਂਦੇ ਹਨ।ਉਸ ਬਲਾਤਕਾਰੀ ਤੋਂ ਆਸ਼ੀਰਵਾਦ ਵੀ ਲੈਂਦੇ ਹਨ। ਦੂਜੇ ਪਾਸੇ ਮੈਂ 28 ਸਾਲਾਂ ਤੋਂ ਜੇਲ੍ਹ ਅਤੇ 17 ਸਾਲਾਂ ਤੋਂ ਫਾਂਸੀ ਦੀ ਚੱਕੀ ਵਿੱਚ ਬੈਠਾ ਆਪਣੇ ਹੋਣ ਵਾਲੇ ਫੈਸਲੇ ਦਾ ਇੰਤਜ਼ਾਰ ਕਰ ਰਿਹਾ ਹਾਂ। ਤੁਹਾਡੇ ਇਨਸਾਫ਼ ਦਾ ਤਰਾਜੂ ਪੱਖਪਾਤੀ ਹੈ। ਇਹ ਸਾਹਮਣੇ ਵਾਲੇ ਦਾ ਧਰਮ ਅਤੇ ਵਿਚਾਰਧਾਰਾ ਦੇਖ ਕੇ ਫੈਸਲੇ ਲੈ ਰਿਹਾ ਹੈ। ਤੁਸੀਂ ਬਹੁਤ ਹੀ ਚਲਾਕੀ ਨਾਲ ਸਮਝੌਤਾ ਐਕਸਪ੍ਰੈਸ ਵਿੱਚ ਬਲਾਸਟ ਕਰਨ ਵਾਲੇ ਦੋਸ਼ੀਆਂ ਨੂੰ ਅਤੇ ਗੁਜਰਾਤ ਦੰਗਿਆਂ ਦੇ ਦੋਸ਼ੀਆਂ ਨੂੰ ਅਦਾਲਤਾਂ ਤੋਂ ਹੀ ਬਰੀ ਕਰਵਾ ਦਿੱਤਾ ਹੈ।ਤੁਹਾਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਅਤੇ ਇਨਸਾਫ਼ ਦੇ ਤਰਾਜੂ ਨੂੰ ਠੀਕ ਤਰ੍ਹਾਂ ਫੜਨ ਦੀ ਜਰੂਰਤ ਹੈ। ਅਮਿਤ ਸ਼ਾਹ ਜੀ, ਮੈਂ ਤਾਂ ਸੱਚ ਦੇ ਰਾਹਾਂ ਦਾ ਮੁਸਾਫ਼ਿਰ ਹਾਂ। ਝੂਠ, ਧੋਖਾ ਅਤੇ ਫਰੇਬ ਮੇਰੇ ਜੀਵਨ ਦਾ ਹਿੱਸਾ ਨਹੀਂ ਹਨ। ਤੁਹਾਡੀ ਹਰ ਬੇਇਨਸਾਫ਼ੀ ਨੂੰ ਉਸ ਅਕਾਲ-ਪੁਰਖ ਵਾਹਿਗੁਰੂ ਜੀ ਦਾ ਭਾਣਾ ਸਮਝ ਕੇ ਬਰਦਾਸ਼ਤ ਕਰ ਰਿਹਾ ਹਾਂ। ਤੁਸੀਂ ਪਿਛਲੇ 12 ਸਾਲਾਂ ਤੋਂ ਆਨੇ-ਬਹਾਨੇ ਇਸ ਅਪੀਲ ਤੇ ਫੈਸਲਾ ਕਰਨ ਤੋਂ ਭੱਜ ਰਹੇ ਹੋ। ਇੱਕ ਗੱਲ ਜਰੂਰ ਕਹਿਣੀ ਚਾਹੁੰਦਾ ਹਾਂ ਕਿ ਰਾਵਣਾਂ ਨੂੰ ਗੋਦੀ ਵਿੱਚ ਬੈਠਾ ਕੇ "ਸ਼੍ਰੀ ਰਾਮ ਜੀ"ਦੀ ਪੂਜਾ ਨਹੀਂ ਕੀਤੀ ਜਾ ਸਕਦੀ ,ਅਜਿਹਾ ਕਰਨਾ ਵੀ ਤਾਂ ਪਾਪ ਹੀ ਹੈ। ਤੁਸੀਂ ਸਮਾਜ ਨੂੰ ਕਿਹੜੇ ਸੰਸਕਾਰ ਦੇਣਾ ਚਾਹੁੰਦੇ ਹੋ, ਇਹ ਤੁਹਾਡੇ ਕਰਮਾਂ ਤੇ ਹੀ ਨਿਰਭਰ ਕਰਦਾ ਹੈ।




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਦੇਗ ਤੇਗ ਫਤਿਹ — ਪੰਥ ਕੀ ਜੀਤ

www.akalisinghgurdwara.ca

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਨਾਲ ਮਨਾਉਣ ਹਿਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ। ਇਸ ਪੁਰਬ ਦੀ ਸਾਰੀ ਸੇਵਾ ਭਾਈ ਹਰਪ੍ਰੀਤ ਸਿੰਘ ਤੇ ਬੀਬੀ ਰਿਮੀ ਮੱਲ੍ਹੀ ਵਲੋਂ ਆਪਣੀ ਸਪੁੱਤਰੀ ਬੱਚੀ ਜੈਸਮੀਨ ਤੇ ਸਪੁੱਤਰ ਕਾਕਾ ਜੈਵੀਰ ਮੱਲ੍ਹੀ ਇਹਨਾਂ ਦੋਨਾਂ ਦੀ ਚੜ੍ਹਦੀ ਕਲਾ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਕੀਤੀ ਜਾ ਰਹੀ ਹੈ।
ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰੂਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ
ਅਰੰਭ ਸ੍ਰੀ ਅਖੰਡ ਪਾਠ ਸਾਹਿਬ- 5 ਜਨਵਰੀ 2024, ਦਿਨ ਸ਼ੁੱਕਰਵਾਰ ਸਵੇਰ 10:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ- 7 ਜਨਵਰੀ 2024, ਦਿਨ ਐਤਵਾਰ ਸਵੇਰ 9:30 ਵਜੇ

ਭੋਗ ਉਪਰੰਤ ਗੁਰੂਘਰ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ, ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ।

5 ਜਨਵਰੀ, ਦਿਨ ਸ਼ੁੱਕਰਵਾਰ........ਸਵੇਰੇ 10:00 ਵਜੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਹਿਤ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 7 ਜਨਵਰੀ ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ।ਇਸ ਪੁਰਬ ਤੇ ਸਾਰੀ ਸੇਵਾ ਭਾਈ ਹਰਪਰੀਤ ਸਿੰਘ ਮੱਲ੍ਹੀ ਅਤੇ ਪਰਿਵਾਰ ਵਲੋਂ ਹੋਵੇਗੀ।
5 ਜਨਵਰੀ, ਦਿਨ ਸ਼ੁੱਕਰਵਾਰ.......ਸਾਹਿਬਾ ਦਾ ਠੀਕ ਪ੍ਰਕਾਸ਼ ਦਿਹਾੜਾ ਹੈ, ਸ਼ਾਮ ਨੂੰ ਵੀ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
6 ਜਨਵਰੀ, ਦਿਨ ਸ਼ਨਿੱਚਰਵਾਰ.....ਲੰਗਰ ਦੀ ਸੇਵਾ ਬੀਬੀ ਕਸ਼ਮੀਰ ਕੌਰ ਦੁਸਾਂਝ ਅਤੇ ਪਰਿਵਾਰ ਵਲੋਂ ਹੋਵੇਗੀ।
7 ਜਨਵਰੀ, ਦਿਨ ਐਤਵਾਰ.........ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਤਾਰਾ ਸਿੰਘ ਘੱਗ ਅਤੇ ਪਰਿਵਾਰ ਵਲੋਂ ਹੋਵੇਗੀ।
12 ਜਨਵਰੀ, ਦਿਨ ਸ਼ੁੱਕਰਵਾਰ......ਸਵੇਰੇ 10:00 ਵਜੇ ਘੱਗ ਪਰਿਵਾਰ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ।
12 ਜਨਵਰੀ, ਦਿਨ ਸ਼ੁੱਕਰਵਾਰ......ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਸੁਰਜੀਤ ਸਿੰਘ ਹੀਰ ਅਤੇ ਪਰਿਵਾਰ ਵਲੋਂ ਹੋਵੇਗੀ।
13 ਜਨਵਰੀ, ਦਿਨ ਸ਼ਨਿੱਚਰਵਾਰ...ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਭੁਪਿੰਦਰ ਸਿੰਘ ਜਸਵਾਲ ਅਤੇ ਪਰਿਵਾਰ ਵਲੋਂ ਹੋਵੇਗੀ।
13 ਜਨਵਰੀ, ਦਿਨ ਸ਼ਨਿੱਚਰਵਾਰ...ਲੋਹੜੀ ਦਾ ਦਿਨ ਹੈ ਸ਼ਾਮ ਨੂੰ ਸ਼ਰਧਾਲੂ ਪਰਿਵਾਰ ਵਲੋਂ ਲੰਗਰ ਦੀ ਸੇਵਾ ਹੋਵੇਗੀ ਤੇ ਧੂਣੀ ਵੀ ਬਾਲੀ ਜਾਵੇਗੀ।
14 ਜਨਵਰੀ, ਦਿਨ ਐਤਵਾਰ.......ਸਵੇਰੇ 9:30 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇਂ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ : 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਇੱਕੀਵੀਂ ਸਦੀ ਅਤੇ 'ਨਾਨਕਸ਼ਾਹੀ ਕੈਲੰਡਰ'

**ਸਰਵਜੀਤ ਸਿੰਘ ਸੈਕਰਾਮੈਂਟੋ**

ਕੈਲੰਡਰ ਵਿਗਿਆਨ ਦਾ ਆਰੰਭ ਵੀ, ਇਸ ਧਰਤੀ ਤੇ ਇਨਸਾਨ ਦੇ ਹੋਸ਼ ਸੰਭਾਲਣ ਨਾਲ ਹੀ ਹੋ ਗਿਆ ਸੀ। ਕਦੇ ਇਨਸਾਨ ਨੂੰ ਵੀ ਦਿਨ ਦੇ ਚਾਨਣ ਅਤੇ ਰਾਤ ਦੇ ਅੰਧੇਰੇ ਦਾ ਹੀ ਗਿਆਨ ਸੀ। ਖਿਆਲ ਕਰੋ ਕਿ ਜਦੋਂ ਕਿਸੇ ਸਿਆਣੇ ਨੇ ਚੰਦ ਦੇ ਮੱਸਿਆ ਤੋਂ ਪੁੰਨਿਆ ਤੱਕ ਚਾਨਣੇ ਪੱਖ (ਸੁਦੀ ਪੱਖ) ਅਤੇ ਪੁੰਨਿਆ ਤੋਂ ਮੱਸਿਆ ਦੇ ਹਨੇਰੇ ਪੱਖ (ਵਦੀ ਪੱਖ) ਦੀ ਗਿਣਤੀ ਕਰਕੇ ਕੈਲੰਡਰ ਦਾ ਮੁੱਢ ਬੰਨਿਆਂ ਹੋਵੇਗਾ ਤਾਂ ਇਨਸਾਨ ਦੇ ਜੀਵਨ ਵਿੱਚ ਕਿੰਨੀ ਤਬਦੀਲੀ ਆਈ ਹੋਏਗੀ। ਇਸ ਵਿਚ ਕੋਈ ਸ਼ੱਕ ਨਹੀ ਕਿ ਸਭ ਤੋਂ ਪਹਿਲਾ ਚੰਦ ਅਧਾਰਤ ਕੈਲੰਡਰ ਹੀ ਹੋਂਦ ਵਿੱਚ ਆਇਆ ਸੀ। ਜਿਓ-ਜਿਓ ਮਨੁੱਖ ਨੇ ਤਰੱਕੀ ਕੀਤੀ ਅਤੇ ਮੌਸਮ ਸਬੰਧੀ ਜਾਣਕਾਰੀ ਵਿੱਚ ਵਾਧਾ ਹੋਇਆ ਤਾਂ ਸੂਰਜੀ ਕੈਲੰਡਰ ਹੋਂਦ ਵਿਚ ਆ ਗਏ। ਅੱਜ ਵੀ ਚੰਦ ਅਧਾਰਿਤ ਕੈਲੰਡਰ ਦਾ ਸ਼ੁੱਧ ਰੂਪ ਹਿਜਰੀ ਕੈਲੰਡਰ, ਇਸਲਾਮ ਧਰਮ ਵਿੱਚ ਪ੍ਰਚੱਲਤ ਹੈ। ਹਿੰਦੂ ਧਰਮ ਵਿੱਚ ਚੰਦਰ ਸੂਰਜੀ ਬਿਕ੍ਰਮੀ ਕੈਲੰਡਰ ਪ੍ਰਚੱਲਤ ਹੈ। ਭਾਵੇਂ ਇਹ ਕੋਈ ਧਾਰਮਿਕ ਵਿਸ਼ਾ ਨਹੀ ਹੈ ਫਿਰ ਵੀ ਇਸ ਦਾ ਧਰਮ ਨਾਲ ਗੂੜਾ ਸਬੰਧ ਹੈ। “““ਠਦਓ ਏਓਚਹ ੱਡ ਟਹਏ ਮਓਜੋਰ ਰਏਲਗਿੋਨਿਸ ਹਓਸ ਟਿਸ ੋਨ ਚਓਲਏਨਦਦਓਰ ਾਹਚਿਹ ਸਿ੍ਸਏਦ ਟੋ ਪਰੋਗਰਓਮਮਏ ਟਿਸ ਰਏਲਗਿੁਸਿ ਚਏਰਏਮੋਨਇਸ, ਓਨਦ ਟਿ ਸਿ ਓਲਮੋਸਟ ਓਸ ਟਰੁਏ ਟੋ ਸਓ ਟਹਓਟ ਏਓਚਹ ਚਓਲਏਨਦਦਓਰ ਹਓਸ ਟਿਸ ਰਏਲਗਿੋਨਿ.” (ਓ.ਘ.ਚਿਹਓਰਦਸ, ੰਓਪਪਨਿਗ ਠਮਿਏ: ਠਹਏ ਛਓਲਏਨਦਦਓਰ ਓਨਦ ੀਟਸ੍ ਸਿਟੋਰੇ)

**ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ:-** ਇਸ ਕੈਲੰਡਰ ਵਿੱਚ ਚੰਦ ਅਤੇ ਸੂਰਜੀ ਕੈਲੰਡਰ ਇਕੱਠੇ ਚਲਦੇ ਹਨ। ਚੰਦ ਧਰਤੀ ਦੇ ਦੁਆਲੇ ਘੁੰਮਦਾ ਹੈ ਇਹ ਚੱਕਰ 29.53 ਦਿਨ ਵਿੱਚ ਪੂਰਾ ਕਰਦਾ ਹੈ। ਚੰਦ ਦੇ ਸਾਲ ਵਿਚ 12 ਮਹੀਨੇ ਅਤੇ 354.37 ਦਿਨ ਹੁੰਦੇ ਹੈ। ਧਰਤੀ ਸੂਰਜ ਦੇ ਦੁਆਲੇ ਘੁੰਮਦੀ ਹੈ ਇਸ ਦਾ ਇਕ ਚੱਕਰ 365.2422 ਦਿਨ ਵਿਚ ਪੂਰਾ ਹੁੰਦਾ ਹੈ ਇਸ ਨੂੰ ਰੁੱਤੀ ਸਾਲ (ਠਰੋਪਿਚਓਲ ੇਓਰ) ਕਹਿੰਦੇ ਹਨ। ਇਸ ਤੋਂ ਸਪੱਸ਼ਟ ਹੈ ਕੇ ਚੰਦ ਦਾ ਸਾਲ ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਹੁਣ ਜਦੋਂ ਇਕ ਸਾਲ ਵਿੱਚ 11 ਦਿਨ ਅਤੇ ਦੋ ਸਾਲਾ ਵਿਚ 22 ਦਿਨ , ਚੰਦ ਦਾ ਸਾਲ ਸੂਰਜੀ ਸਾਲ ਤੋਂ ਪਿਛੇ ਰਹਿ ਜਾਂਦਾ ਹੈ ਤਾ ਚੰਦ ਦੇ ਸਾਲ ਵਿੱਚ ਇਕ ਵਾਧੂ ਮਹੀਨਾ ਜੋੜ ਦਿੱਤਾ ਜਾਂਦਾ ਹੈ ਉਸ ਸਾਲ, ਚੰਦ ਦੇ ਸਾਲ ਦੇ 13 ਮਹੀਨੇ ਅਤੇ 384 ਦਿਨ ਹੁੰਦੇ ਹਨ। ਅਜੇਹਾ 19 ਸਾਲ ਵਿਚ 7 ਵਾਰ ਕੀਤਾ ਜਾਂਦਾ ਹੈ। ਇਸ ਸਾਲ (ਸੰਮਤ 2080 ਬਿਕ੍ਰਮੀ) ਵੀ ਚੰਦ ਦੇ ਸਾਲ ਦੇ 13 ਮਹੀਨੇ ਹਨ ਇਸ ਸਾਲ ਸਾਵਣ ਦੇ ਦੋ ਮਹੀਨੇ ਹਨ। ਤੇਰਵੇਂ ਮਹੀਨੇ ਨੂੰ ਮਲ ਮਾਸ ਕਿਹਾ ਜਾਂਦਾ ਹੈ ਇਸ ਵਿੱਚ ਕੋਈ ਸ਼ੁਭ ਕੰਮ ਨਹੀ ਕੀਤਾ ਜਾਂਦਾ। ਇਸ ਮਹੀਨੇ ਤੋਂ ਪਿਛੋਂ ਆਉਣ ਵਾਲੇ ਦਿਹਾੜੇ 18/19 ਦਿਨ, ਪਿਛਲੇ ਸਾਲ ਤੋਂ ਪੱਛੜ ਕੇ ਮਨਾਏ ਜਾਂਦੇ ਹਨ। ਜਿਵੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7 ਮੁਤਾਬਕ ਪਿਛਲੇ ਸਾਲ 29 ਦਸੰਬਰ ਨੂੰ ਮਨਾਇਆ ਗਿਆ ਸੀ। ਉਸ ਤੋਂ ਅੱਗਲਾ ਦਿਹਾੜਾ ਇਸ ਤੋਂ 11 ਦਿਨ ਪਹਿਲਾ ਭਾਵ 18 ਦਸੰਬਰ ਨੂੰ ਆਉਣਾ ਚਾਹੀਦਾ ਸੀ ਪਰ ਨਹੀਂ। ਕਿਉਂਕਿ ਇਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹਨ ਇਸ ਲਈ ਹੁਣ ਇਹ ਦਿਹਾੜਾ 17 ਜਨਵਰੀ 2024 ਨੂੰ ਆਵੇਗਾ। ਉਸ ਤੋਂ ਅੱਗਲਾ ਗੁਰਪੁਰਬ, ਇਸ ਤੋਂ 11 ਦਿਨ ਪਹਿਲਾ ਭਾਵ 6 ਜਨਵਰੀ 2025 ਅਤੇ ਉਸ ਤੋਂ ਅਗਲਾ 27 ਦਸੰਬਰ 2025 ਨੂੰ ਆਵੇਗਾ। ਸੰਮਤ 2083 ਬਿ: (2026 ਈ:) ਵਿੱਚ ਜੇਠ ਦਾ ਮਹੀਨਾ ਦੋ ਵਾਰੀ ਆਵੇਗਾ। ਇਸ ਕਾਰਨ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ 15 ਜਨਵਰੀ 2027 ਈ: ਨੂੰ ਆਵੇਗਾ। ਇਸ ਕੈਲੰਡਰ ਮੁਤਾਬਕ ਇਕ ਦਿਨ ਵਿੱਚ, ਚੰਦ ਦਿਆਂ ਦੋ ਤਿੱਥਾਂ (ਦਿਨ) ਜਾਂ ਦੋ ਦਿਨਾਂ ਵਿੱਚ ਚੰਦ ਦੀ ਇਕ ਤਿੱਥ, ਅਕਸਰ ਹੀ ਆ ਜਾਂਦੀਆਂ ਹਨ। ਜਿਵੇ 14 ਜਨਵਰੀ (2024 ਈ:) ਚੰਦ ਦੀ ਪੋਹ ਵਦੀ 3 ਅਤੇ 4 ਇਕ ਦਿਨ ਹੀ ਹਨ। ਇਸ ਕਾਰਨ ਇਸ ਸਾਲ ਇਹ ਦਿਹਾੜਾ ਮੱਸਿਆ ਤੋਂ 7 ਵੇਂ ਦਿਨ ਨਹੀਂ, 6ਵੇਂ ਮਨਾਇਆ ਜਾਵੇਗਾ। ਇਸ ਤੋਂ ਉਲਟ ਜਨਵਰੀ 29 ਅਤੇ 30 ਨੂੰ ਦੋਵੇਂ ਦਿਨ ਮਾਘ ਵਦੀ 4 ਹੋਵੇਗੀ। ਅਜੇਹਾ ਹਰ ਮਹੀਨੇ ਹੁੰਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਚੰਦ ਦੇ ਕੈਲੰਡਰ ਨੂੰ ਵੀ ਖਿੱਚ-ਧੂਹ ਕੇ ਸੂਰਜੀ ਕੈਲੰਡਰ ਦੇ ਨੇੜੇ ਤੇੜੇ ਹੀ ਕਰਨਾ ਪੈਣਾ ਹੈ ਤਾਂ ਕਿਉਂ ਨਾ ਸੂਰਜੀ ਕੈਲੰਡਰ ਹੀ ਵਰਤ ਲਿਆ ਜਾਵੇ?

**ਸੂਰਜੀ ਬਿਕ੍ਰਮੀ ਕੈਲੰਡਰ:-** ਗੁਰੂ ਕਾਲ ਵੇਲੇ ਪ੍ਰਚੱਲਤ ਕੈਲੰਡਰ ਦੇ ਸਾਲ ਦੀ ਲੰਬਾਈ 365.2587 ਦਿਨ ਸੀ। ਸਾਲ ਦੀ ਇਹ ਲੰਬਾਈ ਰੁੱਤੀ ਸਾਲ ਦੀ ਲੰਬਾਈ (365.2422 ਦਿਨ) ਤੋਂ ਲੱਗ ਭੱਗ 24 ਮਿੰਟ ਵੱਧ ਹੋਣ ਕਾਰਨ ਇਹ 60 ਸਾਲ ਪਿਛੋਂ ਇਕ ਦਿਨ ਦਾ ਫਰਕ ਪੈ ਜਾਂਦਾ ਸੀ। ਨਵੰਬਰ 1964 ਵਿੱਚ ਸਾਲ ਦੀ ਇਸ ਲੰਬਾਈ ਚ ਸੋਧ ਕਰਕੇ, ਸਾਲ ਦੀ ਲੰਬਾਈ 365.2563 ਦਿਨ ਕਰ ਦਿੱਤੀ ਗਈ । ਹੁਣ ਵੀ ਸਾਲ ਦੀ ਇਹ ਲੰਬਾਈ ਵੀ ਰੁੱਤੀ ਸਾਲ ਤੋਂ ਲੱਗ ਭੱਗ 20 ਮਿੰਟ ਵੱਧ ਹੈ। ਹੁਣ ਇਹ 72 ਸਾਲ ਪਿਛੋਂ ਰੁੱਤੀ ਸਾਲ ਤੋਂ ਇਕ ਦਿਨ ਦਾ ਫਰਕ ਪੈ ਜਾਵੇਗਾ। ਇਸ ਕੈਲੰਡਰ ਦੇ ਮਹੀਨੇ ਦਾ ਅਰੰਭ (ਸੰਗਰਾਂਦ) ਉਸ ਦਿਨ ਹੁੰਦਾ ਹੈ ਜਦੋਂ ਸੂਰਜ ਇਕ ਰਾਸ਼ੀ ਤੋਂ ਦੂਜੀ ਰਾਸ਼ੀ ਵਿੱਚ ਪ੍ਰਵੇਸ਼ ਕਰਦਾ ਹੈ। ਮਹੀਨਿਆਂ ਦੇ ਅਰੰਭ ਦਾ ਦਿਨ ਅਤੇ ਦਿਨਾਂ ਦੀ ਗਿਣਤੀ, ਹਰ ਸਾਲ ਬਦਲਦੇ ਰਹਿੰਦੇ ਹਨ। ਬਿਕ੍ਰਮੀ ਕੈਲੰਡਰ ਮੁਤਾਬਕ ਦਿਨ ਦਾ ਅਰੰਭ ਸੂਰਜ ਦੇ ਚੜਨ ਵੇਲੇ ਹੁੰਦਾ ਹੈ।

**ਨਾਨਕਸ਼ਾਹੀ ਕੈਲੰਡਰ:-** ਇਹ ਸੂਰਜੀ ਕੈਲੰਡਰ ਹੈ। ਇਸ ਦੇ ਸਾਲ ਦੀ ਲੰਬਾਈ 365.2425 ਦਿਨ ਹੈ। ਜੋ ਰੁੱਤੀ ਸਾਲ (365.2422 ਦਿਨ) ਦੇ ਬਹੁਤ ਹੀ ਨੇੜੇ ਹੈ। ਹੁਣ ਇਹ ਰੁੱਤੀ ਸਾਲ ਤੋਂ ਲੱਗ ਭੱਗ 3200 ਸਾਲ ਪਿਛੋਂ ਇਕ ਦਿਨ ਦਾ ਫਰਕ ਪਵੇਗਾ। ਇਸ ਦੇ ਮਹੀਨਿਆਂ ਦੇ ਅਰੰਭ ਅਤੇ ਮਹੀਨਿਆਂ ਦੇ ਦਿਨਾਂ ਦੀ ਗਿਣਤੀ, ਸਦਾ ਵਾਸਤੇ ਹੀ ਪੱਕੇ ਹਨ ਜਿਨ੍ਹਾਂ ਦਾ ਸੂਰਜ ਦੇ ਰਾਸ਼ੀ ਪ੍ਰਵੇਸ਼ ਨਾਲ ਕੋਈ ਵੀ ਸਬੰਧ ਨਹੀ ਹੈ। ਨਾਨਕ ਸ਼ਾਹੀ ਕੈਲੰਡਰ ਦੇ ਦਿਨ ਦਾ ਅਰੰਭ ਰਾਤ 12 ਵਜੇ ਤੋਂ ਹੁੰਦਾ ਹੈ। ਇਹ ਕੈਲੰਡਰ ਪੂਰੀ ਤਰ੍ਹਾਂ ਗੁਰਬਾਣੀ ਤੇ ਅਧਾਰਿਤ ਹੈ।

ਨਾਨਕਸ਼ਾਹੀ ਕੈਲੰਡਰ, ਕਨੇਡਾ ਨਿਵਾਸੀ ਸਿੱਖ ਵਿਦਵਾਨ ਸ. ਪਾਲ ਸਿੰਘ ਪੁਰੇਵਾਲ ਜੀ ਨੇ ਬਹੁਤ ਹੀ ਮਿਹਨਤ ਨਾਲ ਬਣਾਇਆ ਸੀ ਅਤੇ ਲੱਗ-ਭੱਗ ਇਕ ਦਹਾਕੇ ਦੀ ਸੋਚ ਵਿਚਾਰ ਤੋਂ ਪਿਛੋਂ ਸ਼੍ਰੋਮਣੀ ਕਮੇਟੀ ਨੇ 2003 ਈ: ਵਿੱਚ ਇਹ ਕੈਲੰਡਰ ਲਾਗੂ ਕੀਤਾ ਗਿਆ ਸੀ। ਦੇਸ-ਵਿਦੇਸ਼ ਦੀਆਂ ਸੰਗਤਾਂ ਨੇ ਇਸ ਨੂੰ ਖੁਸ਼ੀ-ਖੁਸ਼ੀ ਪ੍ਰਵਾਨ ਕਰ ਲਿਆ ਸੀ। ਅਚਾਨਕ ਹੀ 17 ਅਕਤੂਬਰ 2009 ਨੂੰ ਇਹ ਖ਼ਬਰ ਆ ਗਈ ਕਿ ਇਸ ਕੈਲੰਡਰ ਵਿੱਚ ਸੋਧ ਕਰਨ ਵਾਸਤੇ ਦੋ ਮੈਂਬਰੀ (ਹਰਨਾਮ ਸਿੰਘ ਧੁੰਮਾ ਅਤੇ ਅਵਤਾਰ ਸਿੰਘ ਮੱਕੜ) ਕਮੇਟੀ ਬਣਾਈ ਜਾ ਰਹੀ ਹੈ। ਇਸ ਕਮੇਟੀ ਨੇ ਚਾਰ ਦਿਹਾੜੇ, ਸ਼ਹੀਦੀ ਗੁਰੂ ਅਰਜਨ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਅਤੇ ਜੋਤੀ ਜੋਤ ਦਿਹਾੜਾ, ਅਤੇ ਗ੍ਰੰਥ ਸਾਹਿਬ ਨੂੰ ਗੁਰ ਗੱਦੀ ਦਿਵਸ, ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਭਾਵ ਵਦੀ-ਸੁਦੀ ਮੁਤਾਬਕ ਮਨਾਉਣ ਅਤੇ ਮਹੀਨੇ ਦੇ ਅਰੰਭ ਦੀ ਤਾਰੀਖ (ਸੰਗਰਾਂਦ) ਨੂੰ ਸੂਰਜ ਦੇ ਰਾਸ਼ੀ ਪ੍ਰਵੇਸ਼ ਦੀ ਤਾਰੀਖ ਨਾਲ ਨੱਥੀ ਕਰਨ ਦੀ ਸਿਫ਼ਾਰਿਸ਼ ਕਰ ਦਿੱਤੀ। 2014 ਈ: ਵਿੱਚ ਚੁਪ ਚੁਪੀਤੇ ਹੀ, ਬਾਕੀ ਗੁਰਪੁਰਬ ਵੀ ਵਦੀ-ਸੁਦੀ ਮੁਤਾਬਕ ਕਰ ਦਿੱਤੇ ਗਏ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਮਾਰਚ 2010 ਈ: ਵਿੱਚ ਜਾਰੀ ਕੀਤੇ ਗਏ ਕੈਲੰਡਰ ਦਾ ਨਾਮ ਨਾਨਕਸ਼ਾਹੀ ਹੀ ਰੱਖਿਆ ਗਿਆ ਹੈ ਪਰ ਸਾਲ ਦੀ ਲੰਬਾਈ 365.2563 ਦਿਨ ਮੰਨੀ ਗਈ ਹੈ। ਮਹੀਨੇ ਦਾ ਅਰੰਭ ਸੂਰਜ ਦੇ ਨਵੀਂ ਰਾਸ਼ੀ ਚ ਪ੍ਰਵੇਸ਼ ਨਾਲ, ਜਿਸ ਕਾਰਨ ਹਰ ਸਾਲ ਤਿੰਨ-ਚਾਰ ਸੰਗਰਾਂਦਾਂ ਅਤੇ ਮਹੀਨਿਆਂ ਦੇ ਦਿਨਾਂ ਦੀ ਗਿਣਤੀ ਬਦਲ ਜਾਂਦੀ ਹਨ। ਕੁਝ ਦਿਹਾੜੇ ਚੰਦ ਦੇ ਕੈਲੰਡਰ (354.37 ਦਿਨ) ਮੁਤਾਬਕ, ਕੁਝ ਦਿਹਾੜੇ ਸੂਰਜੀ ਬਿਕ੍ਰਮੀ ਕੈਲੰਡਰ (365.2563 ਦਿਨ) ਮੁਤਾਬਕ ਅਤੇ ਕੁਝ ਦਿਹਾੜੇ ਸੀ: ਈ: ਕੈਲੰਡਰ (365.2425 ਦਿਨ) ਮੁਤਾਬਕ ਦਰਜ ਕੀਤੇ ਜਾਂਦੇ ਹਨ। ਬਹੁਤੇ ਦਿਹਾੜਿਆਂ ਦੇ ਪ੍ਰਵਿਸ਼ਟੇ ਤਾਂ ਨਾਨਕਸ਼ਾਹੀ ਕੈਲੰਡਰ ਵਾਲੇ ਹੀ ਰੱਖੇ ਗਏ ਹਨ ਪਰ ਮਹੀਨੇ ਦਾ ਅਰੰਭ, ਸੂਰਜ ਦੇ ਨਵੀਂ ਰਾਸ਼ੀ ਚ ਪ੍ਰਵੇਸ਼ ਕਰਨ ਨਾਲ ਨੱਥੀ ਹੋਣ ਕਾਰਨ ਇਤਿਹਾਸਿਕ ਦਿਹਾੜਿਆਂ ਦੀਆਂ ਤਾਰੀਖਾਂ ਇਕ-ਦੋ ਦਿਨ ਅੱਗੜ-ਪਿੱਛੜ ਹੋ ਜਾਂਦੀਆਂ ਹਨ। ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੀਤੇ ਗਏ ਸੰਮਤ 555 (2023-24 ਈ:) ਦੇ ਕੈਲੰਡਰ ਵਿੱਚ ਹੋਲਾ-ਮਹੱਲਾ ਦਰਜ ਨਹੀਂ ਹੈ। ਹੁਣ ਇਸ ਸਵਾਲ ਪੈਦਾ ਹੁੰਦਾ ਹੈ ਕਿ ਜੇ ਹਰ ਸਾਲ ਵੱਡੇ ਸਾਹਿਬਜ਼ਾਦਾ ਦਾ ਸ਼ਹੀਦੀ ਦਿਹਾੜਾ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 13 ਪੋਹ ਨੂੰ ਮਨਾਇਆ ਜਾ ਸਕਦਾ ਹੈ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 23 ਪੋਹ ਨੂੰ ਕਿਉ ਨਹੀਂ ਮਨਾਇਆ ਜਾ ਸਕਦਾ? ਹਰ ਸਾਲ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ 23 ਪੋਹ ਨੂੰ ਮਨਾਉਣ ਨਾਲ, ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ?

| ਸੰਮਤ | ਬਿਕ੍ਰਮੀ ਕੈਲੰਡਰ | | ਨਾਨਕਸ਼ਾਹੀ ਕੈਲੰਡਰ | |
|---|---|---|---|---|
| 547 | 3 ਮਾਘ | 14 ਜਨਵਰੀ | 23 ਪੋਹ | 5 ਜਨਵਰੀ |
| 548 | 22 ਪੋਹ | 5 ਜਨਵਰੀ | 23 ਪੋਹ | 5 ਜਨਵਰੀ |
| 549 | 11 ਪੋਹ | 25 ਦਸੰਬਰ | 23 ਪੋਹ | 5 ਜਨਵਰੀ |
| 550 | 29 ਪੋਹ | 13 ਜਨਵਰੀ | 23 ਪੋਹ | 5 ਜਨਵਰੀ |
| 551 | 18 ਪੋਹ | 2 ਜਨਵਰੀ | 23 ਪੋਹ | 5 ਜਨਵਰੀ |
| 552 | 7 ਮਾਘ | 20 ਜਨਵਰੀ | 23 ਪੋਹ | 5 ਜਨਵਰੀ |
| 553 | 26 ਪੋਹ | 9 ਜਨਵਰੀ | 23 ਪੋਹ | 5 ਜਨਵਰੀ |
| 554 | 14 ਪੋਹ | 29 ਦਸੰਬਰ | 23 ਪੋਹ | 5 ਜਨਵਰੀ |
| 555 | 4 ਮਾਘ | 17 ਜਨਵਰੀ | 23 ਪੋਹ | 5 ਜਨਵਰੀ |
| 556 | 23 ਪੋਹ | 6 ਜਨਵਰੀ | 23 ਪੋਹ | 5 ਜਨਵਰੀ |

ਖਾਲਸਾ ਜੀ ਜਾਗੋ! ਕੀ ਅਸੀਂ ਸਿਰਫ ਰਾਗੀਆਂ-ਢਾਡੀਆਂ ਤੋਂ ਇਤਿਹਾਸ ਸੁਣਕੇ, ਭੂਤ ਕਾਲ ਬਾਰੇ ਹੀ ਸੋਚਦੇ/ਪਛਤਾਉਂਦੇ ਰਹਾਂਗੇ? ਅਸੀਂ ਵਰਤਨਾਮ ਅਤੇ ਭਵਿੱਖ ਬਾਰੇ ਫਿਕਰਮੰਦ ਕਿਉਂ ਨਹੀਂ ਹੁੰਦੇ? ਕੀ ਅਸੀਂ ਫਰਜ਼ੀ ਰਾਸ਼ੀਆਂ ਨੂੰ ਮੁਖ ਰੱਖ ਕੇ ਬਣਾਏ ਕੈਲੰਡਰ ਦੇ ਮੁਤਾਬਕ ਚਲਣਾ ਹੈ ਜਾਂ ਅਕਾਲ ਪੁਰਖ ਦੇ ਹੁਕਮ ਵਿੱਚ ਧਰਤੀ ਵੱਲੋਂ ਸੂਰਜ ਦੁਆਲੇ ਇਕ ਚੱਕਰ ਪੂਰਾ ਕਰਨ ਦੇ ਸਮੇਂ ਮੁਤਾਬਕ, ਆਪਣੇ ਕੈਲੰਡਰ ਦਾ ਸਾਲ ਨਿਰਧਾਰਿਤ ਕਰਨਾ ਹੈ? ਅੱਜ ਸਿੱਖ ਕੌਮ ਦੁਨੀਆਂ ਭਰ ਵਿੱਚ ਫੈਲ ਚੁੱਕੀ ਹੈ। ਸਾਨੂੰ ਅਜੇਹੇ ਕੈਲੰਡਰ ਦੀ ਲੋੜ ਹੈ ਜਿਸ ਵਿੱਚ ਸਾਡੇ ਇਤਿਹਾਸਕ ਦਿਹਾੜਿਆਂ ਦੇ ਪ੍ਰਵਿਸ਼ਟੇ (ਤਾਰੀਖਾਂ) ਸਦਾ ਵਾਸਤੇ ਹੀ ਪੱਕੇ ਹੋਣ।


# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

**ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ**

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਇਸ ਹਫਤੇ ਦੇ ਪ੍ਰੋਗਰਾਮ




ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਦਿਹਾੜਾ ਭਾਈ ਕੇਹਰ ਸਿੰਘ ਅਤੇ ਭਾਈ ਸਤਵੰਤ ਸਿੰਘ ਦਾ ਮਨਾਇਆ ਜਾਵੇਗਾ ਅਤੇ 3 ਪਰਿਵਾਰਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ:
1. ਭਾਈ ਚੈਨ ਸਿੰਘ ਪਰਿਵਾਰ 2. ਭਾਈ ਕਰਨੈਲ ਸਿੰਘ ਸੰਘੇੜਾ ਪਰਿਵਾਰ 3. ਭਾਈ ਗੁਰਨਾਮ ਸਿੰਘ ਪਰਿਵਾਰ
ਇਹ ਅਖੰਡਪਾਠ ਸਾਹਿਬ 5 ਜਨਵਰੀ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 7 ਜਨਵਰੀ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
*5 ਜਨਵਰੀ ਦਿਨ ਸ਼ੁੱਕਰਵਾਰ ਅੰਤਮ ਸਸਕਾਰ ਸਵ. ਬੀਬੀ ਸੁਖਵਿੰਦਰ ਕੌਰ ਦੁਪਹਿਰ 2.30 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ, ਉਪਰੰਤ ਭੋਗ ਸ਼ਾਮ 4.15 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
*5 ਜਨਵਰੀ ਦਿਨ ਸ਼ੁੱਕਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਕੁਲਦੀਪ ਸਿੰਘ ਅਤੇ ਭਾਈ ਚੂਹੜ ਸਿੰਘ ਪਰਿਵਾਰ ਵੱਲੋਂ ਹੋਵੇਗੀ।
*6 ਜਨਵਰੀ ਦਿਨ ਸ਼ਨਿਚਰਵਾਰ 2 ਪਰਿਵਾਰਾਂ ਵੱਲੋਂ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ:
1. ਭਾਈ ਅਮਰ ਸਿੰਘ ਅਤੇ ਬੀਬੀ ਗੁਰਮੇਲ ਕੌਰ ਧਾਲੀਵਾਲ ਪਰਿਵਾਰ ਵੱਲੋਂ ਆਪਣੀ ਪੋਤਰੀ ਦੇ ਦੂਜੇ ਜਨਮ ਦਿਨ ਦੀ ਖੁਸ਼ੀ ਵਿਚ
2. ਭਾਈ ਜਸਵੰਤ ਸਿੰਘ ਪਰਿਵਾਰ ਵੱਲੋਂ
*6 ਜਨਵਰੀ ਦਿਨ ਸ਼ਨਿਚਰਵਾਰ ਅੰਤਮ ਸਸਕਾਰ ਸਵੇਰੇ 10 ਵਜੇ ਸਵ. ਬੀਬੀ ਹਰਬੰਸ ਕੌਰ ਗਰੇਵਾਲ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ, ਉਪਰੰਤ ਭੋਗ ਗੁਰੂਘਰ ਵਿਖੇ 12 ਵਜੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
*6 ਜਨਵਰੀ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਸਰਦੂਲ ਸਿੰਘ ਪਰਿਵਾਰ ਵੱਲੋਂ ਹੋਵੇਗੀ
*7 ਜਨਵਰੀ ਦਿਨ ਐਤਵਾਰ ਸਵੇਰ ਦੇ ਕੀਰਤਨਮ ਅਤੇ ਲੰਗਰਾਂ ਦੀ ਸਦੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਜਸਵਿੰਦਰ ਸਿੰਘ ਪਰਿਵਾਰ ਵੱਲੋਂ ਪਾਹਲ ਸਿੰਘ ਦੇ 11ਵੇਂ ਜਨਮ ਦਿਨ ਦੀ ਖੁਸ਼ੀ ਵਿਚ 2. ਭਾਈ ਜਰਨੈਲ ਸਿੰਘ ਖਾਬੜਾ ਪਰਿਵਾਰ ਵੱਲੋਂ
*7 ਜਨਵਰੀ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 3 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਦਲਵਿੰਦਰ ਸਿੰਘ ਗਰੇਵਾਲ ਪਰਿਵਾਰ ਵੱਲੋਂ ਬੱਚੇ ਦੇ ਜਨਮ ਦੀ ਖੁਸ਼ੀ ਵਿਚ 2. ਭਾਈ ਭੁਪਿੰਦਰ ਸਿੰਘ ਘਟਾਉੜਾ ਪਰਿਵਾਰ ਵੱਲੋਂ
3. ਭਾਈ ਸਵਰਾਜ ਸਿੰਘ ਬਖਸ਼ੀ ਪਰਿਵਾਰ ਵੱਲੋਂ

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਰਸ਼ਪਾਲ ਸਿੰਘ ਫਾਜ਼ਿਲਕਾ ਢਾਡੀ ਜਥਾ:ਭਾਈ ਸੁਰਿੰਦਰ ਸਿੰਘ ਛਾਂਪਾ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224**

# ਰਾਜਾ ਭੋਜ-ਗੰਗੂ ਤੇਲੀ



ਉਪਰਲੀ ਕਹਾਵਤ ਪ੍ਰਚਲਤ ਹੈ ਜਿਹੜੀ ਇਓਂ ਬੈਠਦੀ।ਜਦ ਟਰੂਡੋ ਨੇ ਭਾਈ ਨਿੱਝਰ ਬਾਰੇ ਪਾਰਲੀਮੈਂਟ ਵਿਚ ਬਿਆਨ ਦਿਤਾ ਤਾਂ 'ਗੰਗੂ ਤੇਲੀ' ਕੇ ਆਂਹਦੇ ਕੀ ਹੈ ਕਨੇਡਾ? ਕੌਣ ਹੈ ਕਨੇਡਾ? ਸਾਡੇ ਵਿਦਿਆਰਥੀਆਂ ਦੇ ਸਿਰ ਚਲਣ ਵਾਲੇ ਕਨੇਡੇ ਦੀ ਔਕਾਤ ਕੀ ਹੈ ਯਾਣੀ ਗੰਗੂ ਤੇਲੀ ਦਸ ਰਿਹਾ 'ਰਾਜੇ ਭੋਜ' ਦੀ ਔਕਾਤ।

ਤੁਸੀਂ ਛਾਲਾਂ ਉਸ ਜਹਾਜ ਵਿਚੋਂ ਮਾਰਨ ਦਾ ਰਿਸਕ ਲੈਂਦੇ ਹੋਂ ਜਿਹੜਾ ਡੁਬ ਰਿਹਾ ਹੋਵੇ ਨਹੀ ਤਾਂ 'ਡੈਕ' ਤੇ ਖੜੋ ਸਮੁੰਦਰੀ ਲਹਿਰਾਂ ਦਾ ਲੁਤਫ ਮਾਣ ਰਹੇ ਹੁੰਨੇ ਓਂ।

ਜਾਨ ਤੱਕ ਦਾ ਰਿਸਕ ਲੈ ਕੇ ਜੇ ਲੋਕ ਤੇਲੀ ਕਿਆਂ ਦਾ ਮੁਲਖ ਛੱਡ ਛੱਡ ਭਜ ਰਹੇ ਨੇ ਕੁਝ ਤਾਂ ਡੁੱਬਣ ਵਰਗਾ ਹੈ। ਸਭ ਵੇਚ ਵਟ ਲੋਕ ਜੇ ਕਨੇਡਾ ਨੂੰ ਦੌੜਨਾ ਚਾਹੁੰਦੇ ਨੇ ਕੁਝ ਤਾਂ ਗੜਬੜ ਹੈ ਓਥੇ। ਆਮ ਲੋਕ ਹੀ ਕਾਹਨੂੰ ਧਨਾਢ ਲੋਕ ਵੀ ਪੈਸੇ ਦੇ ਦਰਿਆਵਾਂ ਦਾ ਵਹਿਣ ਇਧਰ ਨੂੰ ਮੋੜ ਰਹੇ ਨੇ 'ਔਕਾਤ' ਤਾਂ ਹੋਵੇਗੀ ਹੀ ਕਨੇਡਾ ਦੀ।

ਆਹਾ ਤਾਜਾ ਖਬਰ ਪੂਰੇ ਸੰਸਾਰ ਨੂੰ ਪਤਾ ਲਗੀ ਕਿ ਡੁਬੱਈ ਤੋਂ ਉਡਿਆ ਜਹਾਜ ਫਰਾਂਸ ਵਾਲਿਆਂ ਲਾਹ ਕੇ ਚੰਗੀ 'ਆਓ ਭਗਤ' ਕੀਤੀ ਜਿਹੜੇ ਇਕਵਾਡੋਰ ਤੋਂ ਮੈਕਸੀਕੋ ਦੀਆਂ ਕੰਧਾਂ ਤੋਂ ਛਾਲਾਂ ਮਾਰ ਅਮਰੀਕਾ ਦੇ ਵਿਹੜੇ ਡਿਗਣ ਦੇ ਰਓਂ ਵਿਚ ਸਨ। ਪਰ ਫਰਾਂਸ ਵਾਲੇ ਤਿੰਨ ਦਿਨ ਰਖਕੇ ਆਂਹਦੇ ਚਲੋ ਅਪਣੇ 'ਤੇਲੀ ਕਿਆਂ ਦੇ' ਜਿਥੋਂ ਆਏ ਜੇ ਓਥੇ ਬੈਠ ਕੇ ਕਨੇਡਾ ਚਲਾਓ।

ਭਾਰਤ ਮਹਾਨ ਦੇ ਅਤੇ ਲੋਕਾਂ ਨੂੰ 'ਸ਼ਾਈਨ ਇੰਡੀਆ' ਦੇ ਸੁਪਨੇ ਵੇਚਣ ਵਾਲੇ ਦੱਸ ਸਕਦੇ ਕਿ ਲੋਕ ਓਥੋਂ ਕਿਓਂ ਦੌੜ ਰਹੇ ਜਿੰਨਾ ਦੇ ਵਿਦਿਆਰਥੀਆਂ ਦੇ ਸਿਰ ਤੇ ਕਨੇਡਾ ਵਰਗਾ ਮੁੱਲਖ ਚਲ ਰਿਹਾ।

ਪਾਕਿਸਤਾਨ ਦੀ ਭੁੱਖਮਰੀ ਦੀ ਗੱਲ ਜੀਅ ਸਦਕੇ ਕਰੋ ਪਰ ਖੁਦ ਦੇ 'ਸਲੱਮ ਡਾਗ' ਨੂੰ 'ਸ਼ਾਈਨ ਇੰਡੀਆਂ' ਬਣਾ ਕੇ ਤਾਂ ਧੋਖਾ ਨਾ ਦਿਓ ।ਲੋਕਾਂ ਨੂੰ ਜਿਹੜੇ ਓਥੋਂ ਇਓਂ ਭੱਜਣਾ ਚਾਹੁੰਦੇ ਜਿਵੇਂ ਬੁੜੈਲ ਜੇਲ਼ ਵਿੱਚ ਹੋਣ।

ਇਸ ਮੁਲਖ ਦਾ ਸਾਰਾ ਧਿਆਨ ਤਾਂ ਲੋਕਾਂ ਨੂੰ ਘਰਾਂ ਵਿਚ ਘੁਸ ਘੁਸ ਮਾਰਨ ਤੇ ਲਗਾ ਹੋਇਆ ਤਰੱਕੀ ਖਾਕ ਕਰਨੀ ਸੀ।

ਲੋਕਾਂ ਨੂੰ ਵੈਸੇ ਰਾਸ਼ਟਰਵਾਦ ਦਾ ਵਿਰੋਧ ਨਹੀ ਕਰਨਾ ਚਾਹੀਦਾ ਪਰ ਇਸ ਸ਼ਰਤ ਤੇ ਕਿ ਜਿੰਨਾ ਟੁਕੜਾ ਚਾਹੀਦਾ ਲੈ ਕੇ ਪਾਸੇ ਹੋਵੋ ਬਾਕੀ ਦਾ ਲੋਕੀਂ ਆਪੇ ਸਾਂਭ ਲੈਣਗੇ। ਓਥੇ 'ਰਾਮ ਚਾਹੇ ਸ਼ਾਮ ਮੰਦਰ' ਬਣਾਓ ਪਰ ਲੋਕਾਂ ਨੂੰ ਤਾਂ ਲੜਾ ਲੜਾ ਨਾ ਮਾਰੋ।

ਹੁਣ ਰਾਮ ਜੀ ਨੂੰ ਮੋਦੀ ਦੀ ਉਂਗਲੀ ਲਾਈ ਫਿਰਦੇ ਦੀਆਂ ਮੂਰਤੀਆਂ ਜਾਰੀ ਕਰੀ ਫਿਰਦੇ ਜਿਸ ਤੋਂ ਪਤਾ ਹੀ ਨਹੀ ਲਗਦਾ ਭਗਵਾਨ ਰਾਮ ਜੀ ਨੇ ਜਾਂ ਮੋਦੀ ਜਿਹੜਾ ਰਾਮ ਨੂੰ ਵੀ ਉਂਗਲੀ ਲਾਈ ਫਿਰਦਾ। ਪਰ ਜਾਪਦਾ ਭਵਿਖ ਵਿੱਚ ਮੋਦੀ ਕੇ ਕਿਸੇ ਨਾ ਕਿਸੇ ਦੇ ਲਹੂ ਦੇ ਖਪਰ ਫਿਰ ਭਰਨਗੇ ਤਾਂ ਕਿ ਅਗਲੇ ਪੰਜ ਸਾਲਾਂ ਲਈ ਫਿਰ 'ਭਗਵਾਨ' ਬਣਿਆ ਜਾ ਸਕੇ।

ਹਾਂਅ ਸੱਚ ਰਾਸ਼ਟਰਵਾਦ ਦੇ ਚੰਨ ਤਾਰਿਆਂ ਉਪਰ ਸਾਡੇ ਵਾਲੇ ਸਾਰੇ ਸਿਰਾਂ ਵਾਲੇ ਵੀ ਨਾਲ ਲੈ ਜਾਇਓ ਕਿਓਕਿ ਇਥੇ ਤਾਂ ਭੁਖ ਰਹਿ ਜਾਣੀ, ਬਿਨ ਸਿਰਾਂ ਵਾਲੇ ਰਹਿ ਜਾਣੇ ਹੁਣ ਵਿਦਵਾਨ ਵਿਚਾਰੇ ਭੁੱਖੇ ਥੋੜੋਂ ਮਾਰਨੇ। ਸਭ ਤੋਤੇ ਚਿੜੀਆਂ ਘੁਗੀਆਂ ਅੱਪ ਖੱਪ ਗ੍ਰੇਡ ਜੋ ਲਭਾ ਸਭ ਲੁੱਟ ਲਿਓ ਤੁਹਾਨੂੰ ਦਿਤੀਆਂ ਨਾਲ ਆਹ ਲਾਲ ਨਸਲ ਦੇ ਚਿੜੀ ਮਾਰ ਕਾਮਰੇਡ ਵੀ ਚੁਕੋ ਮੁਫਤੇ ਗਿਫਟ ਵਿਚ।ਕੁਝ ਤਾਂ ਯਾਣੀ ਕੁਝ ਤਾਂ ਹਯਾ ਹੋਵੇ ਬੰਦੇ ਵਿਚ ਕਿ ਐਵੇਂ ਛਟਾਲੇ ਦੀ ਨਾਲੀ ਦੀਆਂ ਪੀਪਨੀਆਂ ਤਰਾਂ ਵਜੀ ਜਾਂਦੇ ਓਂ ਕਿ ਕਨੇਡਾ ਤੁਹਾਡੇ ਸਿਰ ਤੇ ਚਲ ਰਿਹਾ।ਦਾਨਾ ਬੰਦਾ ਓਨੀ ਗਲ ਕਰਦਾ ਜਿੰਨੀ ਕੁ ਉਸ ਦੀ ਔਕਾਤ ਹੁੰਦੀ ਪਰ ਗੋਦੀ ਮੀਡੀਏ ਵਾਲਿਆਂ ਦੀ ਰਾਮ ਦੁਹਾਈ ਸੁਣ ਕੇ ਜਾਪਦਾ ਕਿ ਇਨ ਅਪਣੀ 'ਰਾਮ ਪਿਆਰੀ' ਲਾਲ ਕਰਾ ਕੇ ਰਹਿਣੀ ਕਿਸੇ ਤੋਂ। ਅਮਰੀਕਾ ਤੋਂ ਕਰਾ ਲਏ ਚਾਹੇ ਚੀਨ ਤੋਂ। ਨਹੀ?



**ਗੁਰਦੇਵ ਸਿੰਘ ਸੱਧੇਵਾਲੀਆ**

## ਸੱਤਾ 'ਚ ਬੈਠੇ ਲੋਕਾਂ ਲਈ ਧਰਮ ਨਿਰਪੱਖ ਸ਼ਬਦ ਦੀ ਕੋਈ ਕੀਮਤ ਨਹੀਂ ਰਹੀ:ਸੋਨੀਆ

ਤਿਰੂਵਨੰਤਪੁਰਮ:-ਧਰਮ ਨਿਰਪੱਖਤਾ ਨੂੰ ਭਾਰਤ ਦੇ ਲੋਕਤੰਤਰ ਦਾ ਮੂਲ ਥੰਮ ਕਰਾਰ ਦਿੰਦਿਆਂ ਕਾਂਗਰਸ ਆਗੂ ਸੋਨੀਆ ਗਾਂਧੀ ਨੇ ਅਫਸੋਸ ਪ੍ਰਗਟ ਕੀਤਾ ਕਿ ਹੁਣ ਸੱਤਾ ਵਿਚ ਬੈਠੇ ਲੋਕਾਂ ਲਈ ਧਰਮ ਨਿਰਪੱਖ ਸ਼ਬਦ ਦੀ ਕੋਈ ਕੀਮਤ ਨਹੀਂ ਰਹੀ, ਸਿੱਟੇ ਵਜੋਂ ਸਮਾਜ ਵਿਚ ਧਰੁਵੀਕਰਨ ਵਧ ਗਿਆ ਹੈ। ਸ੍ਰੀਮਤੀ ਗਾਂਧੀ ਨੇ ਮਨੋਰਮਾ ਯੀਅਰਬੁੱਕ 2024 ਵਿੱਚ ਆਪਣੇ ਲੇਖ ਵਿੱਚ ਕਿਹਾ,'ਉਹ ਕਹਿੰਦੇ ਹਨ ਕਿ ਉਹ 'ਜਮਹੂਰੀਅਤ' ਲਈ ਵਚਨਬੱਧ ਹਨ ਪਰ ਇਸ ਦੇ ਨਾਲ ਹੀ ਉਨ੍ਹਾਂ ਨੇ ਇਸ ਦੇ ਸੁਚਾਰੂ ਕੰਮਕਾਜ ਨੂੰ ਯਕੀਨੀ ਬਣਾਉਣ ਵਾਲੀਆਂ ਸੰਸਥਾਵਾਂ ਨੂੰ ਕਮਜ਼ੋਰ ਕਰ ਦਿੱਤਾ ਹੈ।





ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333



ATLAS ANIMAL HOSPITAL

Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar & Associates

Tel: 604-301-0300

5696 Fraser St, Vancouver, BC, V5W 2Z4

www.atlasvetsinvancouver.com

# ਸਿਹਤ ਸੰਬੰਧੀ





# ਥਾਇਰੌਇਡ ਗ੍ਰੰਥੀ ਦੀਆਂ ਸਮੱਸਿਆਵਾਂ ਅਤੇ ਹੋਮਿਓਪੈਥਿਕ ਇਲਾਜ

ਥਾਇਰੌਇਡ ਗ੍ਰੰਥੀ ਗਰਦਨ ਦੇ ਸਾਹਮਣੇ ਅਤੇ ਬਿਲਕੁਲ ਵਿਚਾਲੇ ਸਥਿਤ ਤਿਤਲੀ ਦੀ ਸ਼ਕਲ ਵਰਗਾ ਅੰਗ ਹੈ। ਇਹ ਗ੍ਰੰਥੀ ਸਰੀਰ ਦੇ ਕਈ ਹੋਰ ਅੰਗਾਂ ਅਤੇ ਸਰੀਰਕ ਕ੍ਰਿਆਵਾਂ ਨਾਲ ਡੂੰਘਾ ਸੰਬੰਧ ਰੱਖਦੀ ਹੈ। ਜੇ ਗਰਦਨ ਵਿੱਚ ਸਾਹਮਣੇ ਗਿੱਲੜ ਬਣ ਜਾਵੇ ਤਾਂ ਪੀੜਤ ਵਿਅਕਤੀ ਦੀ ਦਿੱਖ ਉੱਤੇ ਵੀ ਇਸ ਦਾ ਮਾੜਾ ਪ੍ਰਭਾਵ ਪੈਂਦਾ ਹੈ। ਥਾਇਰੌਇਡ ਦੇ ਹਾਰਮੋਨਾਂ ਨੂੰ ਟੀ3 (ਟ੍ਰਾਈਆਇਡੋਥਰਾਇਨੋਨਿਨ) ਅਤੇ ਟੀ4 (ਥਾਇਰੌਕਸਿਨ) ਆਖਿਆ ਜਾਂਦਾ ਹੈ। ਇਹ ਹਾਰਮੋਨ ਸਰੀਰ ਦੇ ਸੈੱਲਾਂ ਨੂੰ ਊਰਜਾ ਪ੍ਰਦਾਨ ਕਰਦੇ ਹਨ। ਆਇਓਡੀਨ ਭੋਜਨ ਜਾਂ ਪਾਣੀ ਰਾਹੀਂ ਸਾਡੇ ਸਰੀਰ ਦੇ ਅੰਦਰ ਜਾਂਦੀ ਹੈ।

ਆਇਓਡੀਨ ਤੱਤ ਥਾਇਰੌਇਡ ਦੇ ਵਿਕਾਸ ਅਤੇ ਹਾਰਮੋਨਾਂ ਦੇ ਬਣਨ ਲਈ ਜ਼ਰੂਰੀ ਹਨ।

ਜਦੋਂ ਥਾਇਰੌਇਡ ਗ੍ਰੰਥੀ ਸੁੱਜ ਕੇ ਵਧ ਜਾਂਦੀ ਹੈ ਤਾਂ ਇਸ ਨੂੰ ਗਿੱਲੜ ਕਿਹਾ ਜਾਂਦਾ ਹੈ। ਇਸ ਸੋਜਿਸ਼ ਜਾਂ ਫ਼ੁਲਾਵਟ ਕਰਕੇ ਸਾਹ ਰਗ ਉੱਤੇ ਦਬਾਅ ਪੈਣ ਕਾਰਣ ਖੰਘ ਜਾਂ ਸਾਹ ਵਿੱਚ ਰੁਕਾਵਟ ਅਤੇ ਭੋਜਨ ਨਲੀ ਨੱਪੀ ਜਾਣ ਨਾਲ ਰੋਟੀ ਦੀ ਬੁਰਕੀ ਲੰਘਾਉਣ ਵਿੱਚ ਮੁਸ਼ਕਲ ਆਉਂਦੀ ਹੈ। ਕਈ ਕੇਸਾਂ ਵਿੱਚ ਆਵਾਜ਼ ਵੀ ਭਾਰੀ ਹੋ ਜਾਂਦੀ ਹੈ। ਪਹਾੜੀ ਜਾਂ ਨੀਮ-ਪਹਾੜੀ ਖੇਤਰਾਂ ਵਿੱਚ ਢਲਾਣ ਉੱਤੇ ਪਾਣੀ ਵਹਿਣ ਕਾਰਣ ਅਜਿਹੇ ਭੁਗੋਲਿਕ ਖੇਤਰਾਂ ਅੰਦਰ ਆਇਓਡੀਨ ਦੀ ਘਾਟ ਹੋ ਜਾਂਦੀ ਹੈ ਅਤੇ ਅਜਿਹੇ ਖਿੱਤਿਆਂ ਵਿੱਚ ਥਾਇਰੌਇਡ ਸਮੱਸਿਆਵਾਂ ਵਧ ਸਕਦੀਆਂ ਹਨ। ਵੈਸੇ ਅੱਜ-ਕੱਲ ਆਇਓਡੀਨ ਯੁਕਤ ਲੂਣ ਦੀ ਵਰਤੋਂ ਕਾਰਣ ਅਜਿਹੇ ਕੇਸਾਂ ਵਿੱਚ ਕਾਫ਼ੀ ਸੁਧਾਰ ਆਇਆ ਹੈ। ਕਈ ਵਾਰੀ ਅਲ੍ਹੜ ਉਮਰ ਦੀਆਂ ਕੁੜੀਆਂ ਵਿੱਚ ਗਲ਼ੇ ਵਿੱਚੋਂ ਗਿੱਲੜ ਦੀ ਸੋਜ ਪੈਦਾ ਹੋ ਜਾਂਦੀ ਹੈ ਜਿਸ ਨੂੰ "ਪਿਊਬਰਟੀ ਗੌਇਟਰ" ਕਿਹਾ ਜਾਂਦਾ ਹੈ।

ਥਾਇਰੌਇਡ ਗ੍ਰੰਥੀ ਵੱਲੋਂ ਸਹੀ ਮਾਤਰਾ ਵਿੱਚ ਜਦੋਂ ਹਾਰਮੋਨ ਨਾ ਬਣਾਏ ਜਾਣ ਤਾਂ ਥਾਇਰੌਇਡ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਵਜੋਂ ਹੋਣ ਵਾਲੀ ਬਿਮਾਰੀ ਦੋ ਤਰ੍ਹਾਂ ਦੀ ਹੁੰਦੀ ਹੈ:

1. ਹਾਇਪਰਥਾਇਰੌਇਡਿਜ਼ਮ: ਇਸ ਤੋਂ ਭਾਵ ਹੈ ਕਿ ਕੁਝ ਸਥਿਤੀਆਂ ਕਾਰਣ ਥਾਇਰੌਇਡ ਦੇ ਹਾਰਮੋਨ ਲੋੜ ਨਾਲੋਂ ਵਧੇਰੇ ਮਾਤਰਾ ਵਿੱਚ ਬਣਨੇ ਸ਼ੁਰੂ ਹੋ ਜਾਂਦੇ ਹਨ। ਅਜਿਹੇ ਰੋਗੀਆਂ ਵਿੱਚ ਪ੍ਰਗਟ ਹੋਣ ਵਾਲੇ ਲੱਛਣ ਹੇਠ ਲਿਖੇ ਅਨੁਸਾਰ ਹੁੰਦੇ ਹਨ:

1. ਥਕਾਵਟ
2. ਦਿਲ ਦੀ ਧੜਕਣ ਵਧਣੀ
3. ਫ਼ਿਕਰਮੰਦੀ ਜਾਂ ਉਦਾਸੀ
4. ਪੱਠਿਆਂ ਦੀ ਕਮਜ਼ੋਰੀ
5. ਹੱਥਾਂ ਪੈਰਾਂ ਵਿੱਚ ਕਾਂਬਾ
6. ਅੱਖਾਂ ਬਾਹਰ ਨੂੰ ਨਿਕਲਣੀਆਂ
7. ਬਹੁਤ ਜ਼ਿਆਦਾ ਗਰਮੀ ਮਹਿਸੂਸ ਕਰਨੀ
8. ਭੁੱਖ ਜ਼ਿਆਦਾ ਹੋਣੀ ਜਾਂ ਠੀਕ-ਠਾਕ ਭੋਜਨ ਖਾਣ ਦੇ ਬਾਵਜੂਦ ਸਰੀਰ ਦਾ ਭਾਰ ਨਿਰੰਤਰ ਘਟਣਾ
9. ਪੈਰਾਂ ਵਿੱਚ ਸੋਜਿਸ਼
10. ਬੇਚੈਨੀ
11. ਲੋੜ ਨਾਲੋਂ ਜ਼ਿਆਦਾ ਬੋਲਣਾ
12. ਨਬਜ਼ ਤੇਜ਼ ਹੋਣੀ
13. ਹੱਥਾਂ ਨੂੰ ਪਸੀਨਾ ਆਉਣਾ
14. ਨੀਂਦ ਦੀਆਂ ਸਮੱਸਿਆਵਾਂ, ਆਦਿ।

2. ਹਾਇਪੋਥਾਇਰੌਇਡਿਜ਼ਮ: ਥਾਇਰੌਇਡ ਗ੍ਰੰਥੀ ਵੱਲੋਂ ਹਾਰਮੋਨਾਂ ਦੀ ਪੈਦਾਵਾਰ ਘੱਟ ਹੋਣ ਨਾਲ ਹਾਇਪੋਥਾਇਰੌਇਡਿਜ਼ਮ ਦੀ ਸਮੱਸਿਆ ਆਉਂਦੀ ਹੈ। ਇਸ ਦੇ ਹੇਠ ਲਿਖੇ ਲੱਛਣ ਹੁੰਦੇ ਹਨ:

1. ਵਜ਼ਨ ਵਧ ਜਾਣਾ
2. ਥਕਾਵਟ
3. ਸਖ਼ਤ ਅਤੇ ਖ਼ੁਸ਼ਕ ਚਮੜੀ
4. ਸੋਰਾਇਸਿਸ
5. ਅੱਖਾਂ ਉੱਪਰ ਮਾਮੂਲੀ ਸੋਜਿਸ਼
6. ਪਸੀਨਾ ਘੱਟ ਜਾਂ ਬਿਲਕੁਲ ਵੀ ਨਾ ਆਉਣਾ
7. ਭਰਵੱਟਿਆਂ ਦੇ ਵਾਲ਼ ਝੜਨੇ ਅਤੇ ਸਿਰ ਦੇ ਵਾਲ਼ ਝੜਨੇ
8. ਆਵਾਜ਼ ਭਾਰੀ ਹੋ ਜਾਣੀ
9. ਯਾਦਾਸ਼ਤ ਕਮਜ਼ੋਰ ਹੋਣੀ
10. ਦਿਮਾਗੀ ਪਰੇਸ਼ਾਨੀ
11. ਸੁਣਨ ਵਿੱਚ ਵਿਘਨ
12. ਜ਼ਿਆਦਾ ਠੰਢ ਲੱਗਣੀ
13. ਔਰਤਾਂ ਵਿੱਚ ਮਾਹਵਾਰੀ ਦੇ ਵਿਗਾੜ
14. ਆਦਮੀਆਂ ਦੇ ਜਣਨ ਅੰਗਾਂ ਸੰਬੰਧੀ ਰੋਗ, ਆਦਿ।

ਹਾਇਪੋਥਾਇਰੌਇਡ ਦੀ ਸਮੱਸਿਆ ਬੱਚਿਆਂ ਵਿੱਚ ਜਮਾਂਦਰੂ ਵੀ ਹੋ ਸਕਦੀ ਹੈ। ਬੱਚਿਆਂ ਦਾ ਬੇਹੱਦ ਸੁਸਤ ਹੋਣਾ, ਐਨਰਜੀ ਦੀ ਘਾਟ ਮਹਿਸੂਸ ਕਰਨਾ, ਕਬਜ਼, ਸਰੀਰ ਦੇ ਵਿਕਾਸ ਵਿੱਚ ਰੁਕਾਵਟ, ਆਦਿ ਬੱਚਿਆਂ ਨੂੰ ਹਾਇਪੋਥਾਇਰੌਇਡਿਜ਼ਮ ਹੋਣ ਦਾ ਸੰਕੇਤ ਹੋ ਸਕਦੇ ਹਨ। ਬੱਚਿਆਂ ਨੂੰ ਅਜਿਹੀਆਂ ਸਮੱਸਿਆਵਾਂ ਮਾਤਾ ਨੂੰ ਗਰਭ ਦੌਰਾਨ ਆਇਓਡੀਨ ਦੀ ਕਮੀ ਕਾਰਣ ਹੋ ਸਕਦੀ ਹੈ।

ਥਾਇਰੌਇਡ ਗ੍ਰੰਥੀ ਵਿੱਚ ਹਾਰਮੋਨਾਂ ਦੇ ਸਰ੍ਹਾਵ ਦਾ ਪੱਧਰ ਜਾਣਨ ਲਈ ਖ਼ੂਨ ਟੈਸਟ ਦੇ ਰਾਹੀਂ ਟੀ.ਐੱਸ.ਐੱਚ. (ਥਾਇਰੌਇਡ ਨੂੰ ਹਰਕਤ ਵਿੱਚ ਲਿਆਉਣ ਵਾਲਾ ਹਾਰਮੋਨ) ਅਤੇ ਟੀ3 ਅਤੇ ਟੀ4 ਦਾ ਪਤਾ ਲਗਾਇਆ ਜਾ ਸਕਦਾ ਹੈ।

ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਥਾਇਰੌਇਡਿ ਗ੍ਰੰਥੀ ਨਾਲ ਸੰਬੰਧਤ ਰੋਗਾਂ ਦਾ ਇਲਾਜ ਢੁਕਵੀਆਂ ਦਵਾਈਆਂ ਨਾਲ ਬਾਖ਼ੂਬੀ ਕੀਤਾ ਜਾਂਦਾ ਹੈ। ਪੀੜਤ ਵਿਅਕਤੀ ਦੇ ਸਾਰੇ ਲੱਛਣਾਂ ਨੂੰ ਵਿਸਥਾਰਪੂਰਵਕ ਅਤੇ ਡੂੰਘਾਈ ਵਿੱਚ ਪਰਖਣ ਉਪਰੰਤ ਢੁਕਵੀਂ ਹੋਮਿਓਪੈਥਿਕ ਦਵਾਈ ਦੀ ਚੋਣ ਕੀਤੀ ਜਾਂਦੀ ਹੈ ਜੋ ਕਿ ਹਾਰਮੋਨਾਂ ਦੇ ਵਿੱਚ ਆਏ ਵਿਗਾੜ ਨੂੰ ਦਰੁਸਤ ਕਰਨ ਦੀ ਸਮਰੱਥਾ ਰੱਖਦਿਆਂ ਰੋਗੀ ਨੂੰ ਰੋਗ ਮੁਕਤ ਹੋਣ ਵਿੱਚ ਸਹਾਈ ਹੋ ਸਕਦੀ ਹੈ। ਰੋਗ ਦੇ ਲੱਛਣਾਂ ਦਾ ਪ੍ਰਭਾਵ ਰੋਗੀ ਉੱਪਰ ਵੱਖਰੇ-ਵੱਖਰੇ ਪੱਧਰ 'ਤੇ ਪੈਂਦਾ ਹੈ, ਜਿਵੇਂ ਕਿ ਭਾਵਨਾਤਮਕ, ਦਿਮਾਗੀ ਅਤੇ ਸਰੀਰਕ ਅਤੇ ਢੁਕਵੇਂ ਇਲਾਜ ਲਈ ਇਨ੍ਹਾਂ ਤਿੰਨੋ ਪੱਧਰਾਂ ਨੂੰ ਸਮਝਣਾ ਜ਼ਰੂਰੀ ਹੈ। ਰੋਗ ਕਾਰਣ ਰੋਗੀ ਵਿੱਚ ਵਿਲੱਖਣ ਤਬਦੀਲੀਆਂ ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਨੂੰ ਪੀੜਤ ਮਨੁੱਖ ਲਈ ਸਹੀ ਦਵਾਈ ਲੱਭਣ ਵਿੱਚ ਸਹਾਈ ਹੁੰਦੀਆਂ ਹਨ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
(ਹੋਮਿਓਪੈਥ)
Surrey
(604) 502-9579

ਨਸ਼ਿਆਂ ਤੋਂ ਛੁਟਕਾਰਾ ਪਾਉ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

ਸਰਦੀਆਂ ਦੇ ਦਿਨ ਸਨ। ਮੁਰਾਰੀ ਨੇ ਸਵੇਰੇ-ਸਵੇਰੇ ਆਪਣੇ ਦੋਸਤ ਸੋਹਣ ਦੇ ਘਰ ਦੀ ਡੋਰ-ਬੈਲ ਵਜਾਈ। ਸੋਹਣ ਦੀ ਮਾਂ ਬਾਹਰ ਆਈ ਅਤੇ ਬੜੇ ਗੁੱਸੇ ਨਾਲ ਮੁਰਾਰੀ ਨੂੰ ਬੋਲੀ, ''ਕੀ ਗੱਲ ਹੈ?''

ਮੁਰਾਰੀ ਡਰਦਾ-ਡਰਦਾ ਬੋਲਿਆ, ''ਆਂਟੀ, ਕੀ ਸੋਹਣ ਮੇਰੇ ਨਾਲ ਖੇਡਣ ਲਈ ਬਾਹਰ ਆ ਸਕਦਾ ਹੈ?''

''ਨਹੀਂ, ਉਸ ਨੂੰ ਰਾਤ ਨੂੰ ਠੰਡ ਲੱਗ ਗਈ ਹੈ ਅਤੇ ਉਂਞ ਵੀ ਬਾਹਰ ਬਹੁਤ ਜ਼ਿਆਦਾ ਸਰਦੀ ਹੈ।'' ਮਾਂ ਨੇ ਜਵਾਬ ਦਿੱਤਾ।

ਮੁਰਾਰੀ ਫਿਰ ਬੋਲ ਪਿਆ, ''ਤਾਂ ਕੀ ਆਂਟੀ ਸੋਹਣ ਦਾ ਫੁੱਟਬਾਲ ਮੈਨੂੰ ਤੁਸੀਂ ਦੇ ਸਕਦੇ ਹੋ, ਉਸ ਨੂੰ ਤਾਂ ਸਰਦੀ ਤੋਂ ਕੋਈ ਖਤਰਾ ਨਹੀਂ ਹੈ ਨਾ।''

--------------

ਗੁਪਤਾ ਜੀ ਗੁਆਂਢ ਵਾਲੇ ਸ਼ਰਮਾ ਜੀ ਦੇ ਘਰ ਗਏ ਅਤੇ ਬੋਲੇ, ''ਸ਼ਰਮਾ ਜੀ, ਘਰੇ ਕੱਝ ਮਹਿਮਾਨ ਆ ਗਏ ਹਨ, ਆਪਣਾ ਟੇਬਲ ਫੈਨ ਦੇ ਦਿਓ।''

ਸ਼ਰਮਾ ਜੀ ਰੁੱਖੇਪਨ ਨਾਲ ਬੋਲੇ, ''ਸੌਰੀ, ਅੱਜ ਮੇਰੀ ਛੁੱਟੀ ਹੈ, ਮੈਂ ਕਿਤੇ ਨਹੀਂ ਜਾਣਾ, ਇਸ ਲਈ ਘਰ 'ਚ ਪੱਖੇ ਦੀ ਬਹੁਤ ਲੋੜ ਹੈ।''

ਗੁਪਤਾ ਜੀ ਖੁਸ਼ ਹੋ ਕੇ ਬੋਲੇ, ''ਚੰਗਾ ਤਾਂ ਫਿਰ ਆਪਣਾ ਸਕੂਟਰ ਹੀ ਕੁੱਝ ਦੇਰ ਲਈ ਦੇ ਦਿਓ, ਤੁਸੀਂ ਤਾਂ ਬਾਹਰ ਕਿਤੇ ਜਾਣਾ ਨਹੀਂ।''

--------------

ਮਾਲਕ ਆਪਣੇ ਮਕਾਨ ਦੇ ਹਾਲ ਵਿੱਚ ਹੀ ਬਣੇ ਤਿਲਕਣੇ ਫਰਸ਼ ਤੋਂ ਤਿਲਕ ਕੇ ਡਿੱਗ ਪਿਆ। ਇਹ ਦੇਖ ਕੇ ਨੌਕਰ ਨੂੰ ਹਾਸਾ ਆ ਗਿਆ।ਆਪਣੀ ਸ਼ਰਮ ਨੂੰ ਲੁਕਾਉਂਦੇ ਹੋਏ ਮਾਲਕ ਨੇ ਨੌਕਰ ਨੂੰ ਝਿੜਕਿਆ, ''ਹੱਸਦਾ

ਕਿਉਂ ਹੈ?''

ਨੌਕਰ (ਤਿਲਮਿਲਾ ਕੇ), ''ਮਾਲਕ, ਮੈਂ ਤਾਂ ਇਸ ਗੱਲ ਦੀ ਖ਼ੁਸ਼ੀ ਮਨਾ ਰਿਹਾ ਸੀ ਕਿ ਤੁਹਾਨੂੰ ਸੱਟ ਨਹੀਂ ਲੱਗੀ।''

--------------

ਇੱਕ ਵਾਰ ਇੱਕ ਮੱਖੀ ਉਡਦੇ-ਉਡਦੇ ਇੱਕ ਗੰਜੇ ਦੇ ਸਿਰ 'ਤੇ ਜਾ ਕੇ ਬੈਠ ਗਈ। ਉਦੋਂ ਹੀ ਦੂਜੀ ਮੱਖੀ ਨੇ ਆ ਕੇ ਉਸ ਨੂੰ ਕਿਹਾ, ''ਭੈਣ, ਤੂੰ ਤਾਂ ਬਹੁਤ ਚੰਗਾ ਘਰ ਖ਼ਰੀਦਿਆ ਹੈ।''

ਦੂਜੀ ਬੋਲੀ, ''ਘਰ ਕਿੱਥੇ, ਅਜੇ ਤਾਂ ਮੈਂ ਸਿਰਫ਼ ਪਲਾਟ ਹੀ ਖ਼ਰੀਦਿਆ ਹੈ।''

88

ਕਲੀਨਿਕ ਦੇ ਬਾਹਰ ਲਿਖਿਆ ਸੀ, ''ਬਾਲ ਰੋਗ ਮਾਹਿਰ''।

ਇੱਕ 50 ਸਾਲਾ ਵਿਅਕਤੀ ਦਰਵਾਜ਼ਾ ਖੋਲ੍ਹ ਕੇ ਅੰਦਰ ਗਿਆ ਅਤੇ ਡਾਕਟਰ ਨੂੰ ਬੋਲਿਆ, ''ਮੇਰੇ ਵਾਲ ਇਕਦਮ ਸਫੇਦ ਹੋ ਗਏ ਹਨ। ਕੋਈ ਦਵਾ ਦੇ ਦਿਓ।''

''ਸਾਹਿਬ, ਮੈਂ ਵਾਲਾਂ ਦੇ ਰੋਗਾਂ ਦਾ ਨਹੀਂ, ਬੱਚਿਆਂ ਦੇ ਰੋਗਾਂ ਦਾ ਮਾਹਿਰ ਹਾਂ।''

--------------

ਵਿਆਹ ਦੌਰਾਨ ਕੁੜੀ ਸ਼ਰਮਾਉਂਦੀ ਹੋਈ ਬੋਲੀ,''ਸੁਣੋ ਜੀ, ਅੱਜ ਤੋਂ ਤੁਹਾਡੇ ਬਿਨਾਂ ਮੈਂ ਨਹੀਂ ਅਤੇ ਮੇਰੇ ਬਿਨਾਂ ਤੁਸੀਂ ਨਹੀਂ।" ਵਿਆਹ ਤੋਂ ਚਾਰ ਸਾਲ ਬਾਅਦ ਉਹੋ ਪਤਨੀ, ''ਕੁੱਤੇ ਰੁੱਕ ਜਾ, ਅੱਜ ਜਾਂ ਤੂੰ ਨਹੀਂ ਜਾਂ ਮੈਂ ਨਹੀਂ।"

********

ਗਰਲਫ੍ਰੈਂਡ, ''ਇਸ ਹਫਤੇ ਰੋਜ਼ ਸ਼ਾਪਿੰਗ ਕਰਾਂਗੇ, ਅਗਲੇ ਹਫਤੇ ਰੋਜ਼ ਫਿਲਮਾਂ ਦੇਖਾਂਗੇ।"

ਬੁਆਏਫਰੈਂਡ, ''ਉਸ ਤੋਂ ਅਗਲੇ ਹਫਤੇ ਰੋਜ਼ ਮੰਦਰ ਜਾਵਾਂਗੇ।"

ਗਰਲਫਰੈਂਡ, ''ਉਹ ਕਿਉਂ?"

ਬੁਆਏਫ੍ਰੈਂਡ, ''ਭੀਖ ਮੰਗਾਂਗੇ।"

ਇੱਕ ਸ਼ਰਾਬੀ ਨੇ ਆਪਣੀ ਪਤਨੀ ਨੂੰ ਆਫਿਸ ਪਾਰਟੀ ਤੋਂ ਐਸ ਐਮ ਐਸ ਕੀਤਾ, 'ਪਾਰਟੀ ਖਤਮ ਹੋਣ ਵਾਲੀ ਹੈ, ਇਹ ਆਖਰੀ ਪੈਗ ਹੈ, ਮੈਂ ਅੱਧੇ ਘੰਟੇ ਵਿੱਚ ਘਰ ਪਹੁੰਚ ਜਾਵਾਂਗਾ, ਜੇ ਨਾ ਪਹੁੰਚਿਆ ਤਾਂ ਇਸ ਐਸ ਐਮ ਐਸ ਨੂੰ ਮੁੜ ਪੜ੍ਹ ਲਵੀਂ, ਯੂਅਰ ਲਵ।'

********

ਪ੍ਰੇਮੀ-ਪ੍ਰੇਮਿਕਾ ਨੇ ਜਦ ਇੱਕ ਦੂਜੇ ਨਾਲ ਵਿਆਹ ਕਰਨ ਦਾ ਵਾਅਦਾ ਕਰ ਲਿਆ ਤਾਂ ਪ੍ਰੇਮਿਕਾ ਬੋਲੀ, 'ਡਾਰਲਿੰਗ, ਇੱਕ ਗੱਲ ਮੈਂ ਸਾਫ ਦੱਸ ਦਿਆਂ ਕਿ ਮੈਨੂੰ ਖਾਣਾ ਬਣਾਉਣਾ ਨਹੀਂ ਆਉਂਦਾ।'

ਪ੍ਰੇਮੀ, ''ਕੋਈ ਗੱਲ ਨਹੀਂ ਡਾਰਲਿੰਗ, ਮੈਂ ਵੀ ਪਹਿਲਾਂ ਹੀ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਂ ਕਵੀ ਹਾਂ ਅਤੇ ਮੇਰੇ ਘਰ 'ਚ ਪਕਾਉਣ ਲਈ ਕੁਝ ਹੈ ਹੀ ਨਹੀਂ।"

********

ਮਹਾਤਮਾ (ਸ਼ਰਾਬੀ ਨੂੰ), ''ਤੇਰੇ ਸਾਹਾਂ 'ਚ ਸ਼ਰਾਬ ਦੀ ਇੰਨੀ ਬਦਬੂ ਆਉਂਦੀ ਹੈ ਕਿ ਤੈਨੂੰ ਸਵਰਗ 'ਚ ਤਾਂ ਕੀ, ਨਰਕ 'ਚ ਵੀ ਜਗ੍ਹਾ ਨਹੀਂ ਮਿਲੇਗੀ...।"

ਸ਼ਰਾਬੀ, ''...ਪਰ ਮਹਾਤਮਾ ਜੀ, ਮਰਨ ਤੋਂ ਬਾਅਦ ਤਾਂ ਮੈਂ ਆਪਣੇ ਸਾਹ ਇਥੇ ਹੀ ਛੱਡ ਜਾਵਾਂਗਾ।"

********

ਪਿਤਾ (ਬੇਟੇ ਨੂੰ), ''ਦੇਖੋ ਬੇਟਾ, ਜੂਆ ਨਹੀਂ ਖੇਡਦੇ।

ਇਹ ਅਜਿਹੀ ਆਦਤ ਹੈ ਕਿ ਜੇ ਇਸ 'ਚ ਅੱਜ ਜਿੱਤੇਂਗਾ ਤਾਂ ਕੱਲ੍ਹ ਨੂੰ ਹਾਰੇਂਗਾ, ਪਰਸੋਂ ਜਿੱਤੇਂਗਾ ਤਾਂ ਉਸ ਤੋਂ ਅਗਲੇ ਦਿਨ ਹਾਰ ਜਾਵੇਂਗਾ...।"

ਬੇਟਾ, ''ਬਸ ਪਿਤਾ ਜੀ, ਮੈਂ ਸਮਝ ਗਿਆ। ਅੱਗੇ ਤੋਂ ਮੈਂ ਇੱਕ ਦਿਨ ਛੱਡ ਕੇ ਖੇਡਿਆ ਕਰਾਂਗਾ...।"

********

ਪਤੀ (ਪਤਨੀ ਨੂੰ), ''ਸੁਣਿਆ ਤੂੰ, ਕਹਿੰਦੇ ਹਨ ਕਿ ਜਿਹੜਾ ਆਦਮੀ ਜਿੰਨਾ ਜ਼ਿਆਦਾ ਬੇਵਕੂਫ ਹੁੰਦਾ ਹੈ, ਉਸ ਨੂੰ ਓਨੀ ਹੀ ਜ਼ਿਆਦਾ ਸੋਹਣੀ ਪਤਨੀ ਮਿਲਦੀ ਹੈ।"

ਪਤਨੀ (ਖੁਸ਼ ਹੋ ਕੇ), ''ਬੱਸ-ਬੱਸ ਰਹਿਣ ਵੀ ਦਿਓ, ਮੇਰੀ ਪ੍ਰਸ਼ੰਸਾ ਕਰਨ ਤੋਂ ਇਲਾਵਾ ਵੀ ਕਦੇ ਕੋਈ ਹੋਰ ਕੰਮ ਕਰ ਲਿਆ ਕਰੋ।"

***************************

ਪਤੀ ਜਨਾਬ ਸਵੇਰੇ-ਸਵੇਰੇ ਫੇਸਬੁੱਕ ਖੋਲ੍ਹ ਕੇ ਬੈਠ ਗਏ। ਉਨ੍ਹਾਂ ਦੀ ਇਕ ਗਰਲਫ੍ਰੈਂਡ ਨੇ ਸੈਂਡਵਿਚ ਦੀ ਫੋਟੋ ਅਪਲੋਡ ਕਰਕੇ ਲਿਖਿਆ, ''ਆਓ, ਨਾਸ਼ਤਾ ਕਰੀਏ।"

ਪਤੀ ਨੇ ਖੁਸ਼ ਹੋ ਕੇ ਕੁਮੈਂਟ ਕੀਤਾ, ''ਬਹੁਤ ਵਧੀਆ ਨਾਸ਼ਤਾ ਸੀ, ਮਜ਼ਾ ਆ ਗਿਆ।"

ਇਹ ਕੁਮੈਂਟ ਪਤਨੀ ਨੇ ਦੇਖ ਲਿਆ ਅਤੇ ਪਤੀ ਨੂੰ ਨਾਸ਼ਤਾ ਨਹੀਂ ਦਿੱਤਾ। ਫਿਰ ਚਾਰ ਘੰਟਿਆਂ ਬਾਅਦ

ਪਤੀ ਨੂੰ ਪੁੱਛਿਆ, ''ਖਾਣਾ ਬਣਾਵਾਂ ਜਾਂ ਤੁਸੀਂ ਦੁਪਹਿਰ ਦਾ ਖਾਣਾ ਵੀ ਫੇਸਬੁੱਕ 'ਤੇ ਹੀ ਕਰੋਗੇ?"

***************************

ਨੌਕਰਾਣੀ ਭੱਜਦੀ ਹੋਈ ਆਈ ਤੇ ਬੋਲੀ, 'ਮਾਲਕਣ, ਤੁਹਾਡੀ ਸੱਸ ਨੂੰ ਤਿੰਨ ਔਰਤਾਂ ਕੁੱਟ ਰਹੀਆਂ ਹਨ।'

ਮਾਲਕਣ ਨੌਕਰਾਣੀ ਨਾਲ ਭੱਜ ਕੇ ਬਾਹਰ ਆਈ ਅਤੇ ਚੁੱਪਚਾਪ ਖੜੀ ਹੋ ਕੇ ਤਮਾਸ਼ਾ ਦੇਖਣ ਲੱਗੀ।ਨੌਕਰਾਣੀ ਬੋਲੀ, ''ਤੁਸੀਂ ਮਦਦ ਲਈ ਨਹੀਂ ਜਾਵੋਗੇ?"

ਮਾਲਕਣ, ''ਨਹੀਂ, ਉਸ ਦੇ ਲਈ ਤਿੰਨ ਹੀ ਕਾਫੀ ਹਨ।"

********

ਪਹਿਲਾ ਗੱਪੀ: "ਮੇਰੇ ਦਾਦਾ ਜੀ ਤਾਂ ਇੰਨੇ ਭੁਲੱਕੜ ਸਨ ਕਿ ਸੋਟੀ ਬਿਸਤਰੇ ਤੇ ਰੱਖਦੇ ਸਨ ਅਤੇ ਖੁਦ ਕੋਨੇ ਵਿਚ ਸੌਂ ਜਾਂਦੇ ਸਨ!" ਦੂਜਾ ਗੱਪੀ-"ਬਸ ਮੇਰੇ ਦਾਦਾ ਜੀ ਤਾਂ ਇੰਨੇ ਭੁਲੱਕੜ ਸਨ ਕਿ 'ਪਾਨ ਬਿਸਤਰੇ ਤੇ ਥੁੱਕ ਦਿੰਦੇ ਸਨ ਦੇ ਖ਼ੁਦ ਖਿੜਕੀ ਤੋਂ ਛਾਲ ਮਾਰ ਦਿੰਦੇ ਸਨ"

*****

ਰਾਜੂ ਦੀ ਪਤਨੀ ਪੇਕੇ ਗਈ ਸੀ ਪਤਨੀ ਫੋਨ ਤੇ :-"ਜਦੋਂ ਮੈਨੂੰ ਤੁਹਾਡੀ ਯਾਦ ਆਉਂਦੀ ਹੈ ਤਾਂ ਤੁਹਾਡੀ ਫੋਟੋ ਵੇਖ ਲੈਂਦੀ ਹਾਂ!" ਰਾਜੂ :-ਅੱਛਾ ਅਤੇ ਮੇਰੀ ਅਵਾਜ਼ ਸੁਣਨ ਲਈ ਕੀ ਕਰਦੀਂ ਏ? ਪਤਨੀ-'ਕੁਛ ਨੀ ਬਸ ਕੁੱਤੇ ਨੂੰ ਲੱਤ ਮਾਰ ਦਿੰਦੀ ਹਾਂ'

*****

ਪਤਨੀ-'ਸੁਣੋ ਜੀ ਉਹ ਜੋ ਆਦਮੀ ਸਾਹਮਣੇ ਟੇਬਲ ਤੇ ਬੈਠ ਕੇ ਸ਼ਰਾਬ ਪੀ ਰਿਹਾ ਹੈ ਉਸ ਨੂੰ ਮੈਂ ਦੱਸ ਸਾਲ ਪਹਿਲਾਂ ਵਿਆਹ ਕਰਨ ਤੋਂ ਮਨ੍ਹਾ ਕਰ ਦਿੱਤਾ ਸੀ।ਪਤੀ-" ਕਮਾਲ ਐ ਅਜੇ ਤੱਕ ਜਸ਼ਨ ਮਨਾ ਰਿਹਾ ਹੈ"

*****

ਬੇਟਾ :-'ਪਾਪਾ ਮੈਂ ਬਾਪ ਬਣ ਗਿਆ'!

ਪਾਪਾ:- 'ਕੁੱਤੇ ਨਲੈਕ ਨਿਕਲ ਜਾ ਮੇਰੇ ਘਰ ਵਿੱਚੋਂ'

ਬੇਟਾ :-'ਗਾਲ੍ਹਾਂ ਕਿਉਂ ਕੱਢ ਰਹੇ ਹੋ?'ਤੁਸੀਂ ਹੀ ਤਾਂ ਕਿਹਾ ਸੀ ਪਹਿਲਾਂ ਕੁਝ ਬਣ ਜਾਂ ਫਿਰ ਵਿਆਹ ਕਰਵਾ ਦਵਾਂਗਾ

*****

ਦੋਸਤ ਦੂਸਰੇ ਦੋਸਤ ਨੂੰ: 'ਪਤਨੀ ਨਾਲ ਲੜਾਈ ਖ਼ਤਮ ਹੋਈ ਕਿ ਨਹੀਂ' ਪਤੀ:-'ਉਹ ਤਾਂ ਝੁਕ ਕੇ ਗੋਡਿਆਂ ਪਰਨੇ ਹੋ ਕੇ ਮੇਰੇ ਕੋਲ ਆਈ ਸੀ'

ਦੋਸਤ: 'ਕੀ ਗੱਲ ਕਰ ਰਿਹੈਂ' ਪਤੀ:'ਹੋਰ ਨਹੀਂ ਤਾਂ ਕੀ' ਦੋਸਤ-'ਫੇਰ ਕੀ ਬੋਲੀ ਭਾਬੀ ਜੀ'

ਪਤੀ-'ਬੋਲੀ ਕੇ ਮੰਜੇ ਦੇ ਹੇਠੋਂ ਬਾਹਰ ਆ ਜਾਓ ਹੁਣ ਨ੍ਹੀਂ ਮਾਰਾਂਗੀ' !.

*****

ਸੋਨੂੰ-'ਤੈਨੂੰ ਪਤਾ ਕਿ ਪੱਕੇ ਦੋਸਤ ਕਿਹੜੇ ਹੁੰਦੇ ਹਨ?'

ਮੋਨੂ-'ਨਹੀਂ!ਕਿਹੜੇ ਹੁੰਦੇ ਹਨ?'

ਸੋਨੂ-'ਜਿਨ੍ਹਾਂ ਨੂੰ ਦੋ ਦਿਨ ਗਾਲ੍ਹਾਂ ਨਾ ਕੱਢੋ ਤਾਂ ਪੁੱਛਣ ਲੱਗਦੇ ਹਨ ਕਿ ਭਰਾ ਕਿਉਂ ਨਾਰਾਜ਼ ਹੋਇਆ ਫਿਰਦੈਂ'

*****

ਪਾਪਾ-'ਸਾਰਾ ਦਿਨ ਫੇਸਬੁੱਕ ਤੇ ਬੈਠਾ ਰਹਿੰਦਾ ਹੈ ਇਹ ਤੈਨੂੰ ਰੋਟੀ ਨ੍ਹੀਂ ਦੇਣ ਵਾਲੀ'

ਪੁੱਤਰ-'ਪਾਪਾ ਮੈਨੂੰ ਵੀ ਪਤਾ ਹੈ ਰੋਟੀ ਨਹੀਂ ਦੇਵੇਗੀ ਪਰ ਰੋਟੀ ਬਣਾਉਣ ਵਾਲੀ ਤਾਂ ਇੱਥੋਂ ਹੀ ਮਿਲੇਗੀ'

*****

ਮੇਰੇ ਇੱਕ ਗੁਆਂਢੀ ਹਨ ਜਿਨ੍ਹਾਂ ਦਾ ਨਾਂ ਭਗਵਾਨ ਅਤੇ ਉਨ੍ਹਾਂ ਦੀ ਕੁੜੀ ਦਾ ਨਾਮ ਹੈ ਭਗਤੀ ।

ਮਾਂ ਬੋਲਦੀ ਹੈ ਪੁੱਤਰ ਭਗਵਾਨ ਦੀ ਭਗਤੀ ਵਿਚ ਮਨ ਲਗਾਇਆ ਕਰ। ਹੁਣ ਮਾਂ ਨੂੰ ਕਿਵੇਂ ਸਮਝਾਵਾਂ ਕਿ ਭਗਤੀ ਵਿਚ ਤਾਂ ਮਨ ਲਗਾਉਂਦਾ ਹਾਂ ਪਰ ਭਗਵਾਨ ਨਹੀਂ ਮੰਨ ਰਹੇ ।

*****

ਪੱਪੂ ਕਾਰ ਧੋ ਰਿਹਾ ਸੀ ਉਦੋਂ ਨੇੜਿਉ ਦੀ ਇੱਕ ਆਂਟੀ ਲੰਘੀ। ਆਂਟੀ:ਕਾਰ ਧੋ ਰਹੇ ਹੋ? ਪੱਪੂ- ਨਹੀਂ ਕਾਰ ਨੂੰ ਪਾਣੀ ਦੇ ਰਿਹਾ ਸ਼ਾਇਦ ਵੱਡੀ ਹੋ ਕੇ ਬੱਸ ਬਣ ਜਾਵੇ!

*****

ਇੱਕ ਵਾਰ ਮੱਛਰ ਦਾ ਬੇਟਾ ਪਹਿਲੀ ਉਡਾਣ ਉੱਤੇ ਗਿਆ। ਪੂਰੀ ਰਾਤ ਬਾਹਰ ਰਹਿਣ ਤੋਂ ਬਾਅਦ ਉਹ ਸਵੇਰੇ ਮੁੜਿਆ ਤਾਂ ਪਿਓ ਨੇ ਉਸ ਨੂੰ ਪੁੱਛਿਆ, ''ਕਿਵੇਂ ਰਿਹਾ ਬੇਟਾ?" ਬੇਟਾ ਬੋਲਿਆ, ''ਸਾਰੇ ਲੋਕ ਤਾੜੀਆਂ ਵਜਾ-ਵਜਾ ਕੇ ਮੇਰਾ ਸਵਾਗਤ ਕਰ ਰਹੇ ਸਨ।

***********

ਇੱਕ ਔਰਤ ਨੇ ਕਸਟਮਰ ਕੇਅਰ ਨੂੰ ਫੋਨ ਕਰ ਕੇ ਗੁੱਸੇ ਵਿੱਚ ਕਿਹਾ, ''ਪਿਛਲੇ ਤਿੰਨ ਘੰਟਿਆਂ ਤੋਂ ਤੁਹਾਡੀ ਕੰਪਨੀ ਦਾ ਇੰਟਰਨੈਟ ਨਹੀਂ ਚੱਲ ਰਿਹਾ, ਦੱਸੋ ਮੈਂ ਕੀ ਕਰਾਂ?"ਕਸਟਮਰ ਕੇਅਰ ਵਾਲਾ, ''ਭੈਣ ਜੀ, ਚੱਲਣ ਤੱਕ ਤੁਸੀਂ ਘਰ ਦੇ ਕੰਮ ਹੀ ਕਰ ਲਵੋ।"

***********

ਹਰ ਚੌਕ 'ਚ ਹੈਲਮੇਟਸ ਦੀ ਚੈਕਿੰਗ ਹੋ ਰਹੀ ਸੀ। ਚਾਚਾ ਜੀ ਘਰ ਆਏ ਤਾਂ ਉਨ੍ਹਾਂ ਦੇ ਹੈਲਮੇਟ ਦਾ ਸ਼ੀਸ਼ਾ ਸੁਰਖ ਲਾਲ ਸੀ ਅਤੇ ਕਮੀਜ਼ 'ਤੇ ਲਾਲ ਧੱਬੇ ਸਨ। ਸਾਰੇ ਘਬਰਾ ਗਏ। ਤੁਰੰਤ ਦੋ ਵਿਅਕਤੀ ਸਹਾਰਾ ਦੇ ਕੇ ਉਨ੍ਹਾਂ ਨੂੰ ਘਰ ਅੰਦਰ ਲੈ ਗਏ। ਬਿਜਲੀ ਨਹੀਂ ਸੀ ਤਾਂ ਇੱਕ ਵਿਅਕਤੀ ਪੱਖੀ ਝੱਲਣ ਲੱਗਾ, ਇੱਕ ਨੇ ਜੁੱਤੀ ਅਤੇ ਜੁਰਾਬਾਂ ਲਾਹੁਣੀਆਂ ਸ਼ੁਰੂ ਕੀਤੀਆਂ। ਸਾਰੇ ਸਦਮੇ ਵਿੱਚ ਸਨ। ਇੰਨਾ ਖ਼ੂਨ...?

ਚਾਚਾ ਜੀ ਤੋਂ ਪੁੱਛਿਆ, ''ਚਾਚਾ ਜੀ, ਕੀ ਹੋਇਆ? ਕੋਈ ਵੱਡਾ ਹਾਦਸਾ? ਕਿਤੇ ਡਿੱਗ ਪਏ ਸੀ ਤੁਸੀਂ?"

ਚਾਚਾ ਜੀ ਬੋਲੇ, ''ਨਹੀਂ ਓਏ, ਪਾਨ ਥੁੱਕਣ ਵੇਲੇ ਭੁੱਲ ਗਿਆ ਕਿ ਹੈਲਮੇਟ ਦਾ ਸ਼ੀਸ਼ਾ ਬੰਦ ਹੈ।"

***********

ਪ੍ਰਤੀਯੋਗਤਾ 'ਚ ਸ਼ਰਤ ਲੱਗੀ ਸੀ ਕਿ ਖੁਸ਼ੀ ਨੂੰ ਤਿੰਨ ਸ਼ਬਦਾਂ ਵਿੱਚ ਲਿਖੋ।

ਸਾਰੇ ਕਿਤਾਬਾਂ ਦੇ ਸਫੇ ਫਰੋਲਣ ਲੱਗੇ, ਪਰ ਸੋਨੂੰ ਨੇ ਲਿਖ ਦਿੱਤਾ, ''ਪਤਨੀ ਪੇਕੇ ਗਈ।"

ਉਹ ਪਹਿਲਾ ਇਨਾਮ ਜਿੱਤ ਗਿਆ।

***********

ਨੀਰਜ, ''ਦੁਨੀਆ ਦੇ ਦੋ ਸਭ ਤੋਂ ਘਾਤਕ ਹਥਿਆਰਾਂ ਦੇ ਨਾਂਅ ਦੱਸੋ?"ਸੁਮਿਤ, ''ਪਤਨੀ ਦੇ ਹੰਝੂ ਤੇ ਗੁਆਂਢਣ ਦੀ ਸਮਾਈਲ।"

***********

ਪਤੀ, ''ਮੈਨੂੰ ਥੱਪੜ ਕਿਉਂ ਮਾਰਿਆ? ਮੈਂ ਕੀ ਗਲਤੀ ਕੀਤੀ?"

ਪਤਨੀ, ''ਤੁਸੀਂ ਕੋਈ ਗਲਤੀ ਕਰੋ, ਉਸ ਦੇ ਲਈ ਮੈਂ ਉਡੀਕ ਥੋੜ੍ਹਾ ਹੀ ਕਰਦੀ ਰਹਾਂਗੀ।"

***********

ਇੱਕ ਬੜਾ ਕਮਜ਼ੋਰ ਆਦਮੀ ਬਾਜ਼ਾਰ 'ਚ ਜਾ ਰਿਹਾ ਸੀ। ਉਸੇ ਵੇਲੇ ਉਥੋਂ ਇੱਕ ਔਰਤ ਆਪਣੀ ਕਾਰ ਲੈ ਕੇ ਆਈ ਅਤੇ ਆਦਮੀ ਨੂੰ ਉਸ ਵਿੱਚ ਬੈਠਣ ਲਈ ਕਿਹਾ। ਆਦਮੀ ਖੁਸ਼ ਹੋ ਗਿਆ ਅਤੇ ਸੋਚਣ ਲੱਗਾ ਕਿ ਕਾਸ਼! ਮੈਂ ਇਸ ਨੂੰ ਪਸੰਦ ਆ ਜਾਵਾਂ।

ਔਰਤ ਨੇ ਘਰ ਜਾ ਕੇ ਉਸ ਨੂੰ ਇੱਕ ਕਮਰੇ ਵਿੱਚ ਬਿਠਾ ਦਿੱਤਾ ਅਤੇ ਅੰਦਰੋਂ ਆਪਣੇ ਬੱਚਿਆਂ ਨੂੰ ਲੈ ਆਈ।

ਫਿਰ ਬੋਲੀ, ''ਦੇਖੋ ਬੱਚਿਓ, ਜੇ ਤੁਸੀਂ ਠੀਕ ਤਰ੍ਹਾਂ ਖਾਣਾ ਨਹੀਂ ਖਾਓਗੇ ਤਾਂ ਬਿਲਕੁਲ ਇਸ ਆਦਮੀ ਵਰਗੇ ਹੋ ਜਾਵੋਗੇ।"ਮਹਿੰਦਰ (ਹੋਟਲ ਵਾਲੇ ਨੂੰ), ''ਥੋੜ੍ਹੀਆਂ ਪਿਆਜ਼ ਦੀਆਂ ਛਿੱਲਾਂ ਚਾਹੀਦੀਆਂ ਹਨ।"

ਹੋਟਲ ਵਾਲਾ, ''...ਪਰ ਪਿਆਜ਼ ਦੀਆਂ ਛਿੱਲਾਂ ਦਾ ਕੀ ਕਰੋਗੇ?"ਮਹਿੰਦਰ, ''ਕੁੜੀ ਵਾਲੇ ਦੇਖਣ ਆ ਰਹੇ ਹਨ, ਛਿੱਲਾਂ ਬਾਹਰ ਡਸਟਬਿਨ ਵਿੱਚ ਪਾ ਕੇ ਰੱਖਾਂਗਾ ਤਾਂ ਜੋ ਉਨ੍ਹਾਂ ਨੂੰ ਲੱਗੇ ਕਿ ਮੈਂ ਖਾਂਦੇ-ਪੀਂਦੇ ਘਰ ਤੋਂ ਹਾਂ।"








SekCheck FINGERPRINTING SERVICES

*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver

Ph:604-628-4446, 778-536-1188
#255-13711-72Ave Surrey, BC

# ਸ਼ਹਾਦਤਾਂ ਦਾ ਸਫਰ:ਚੌਧਰੀ ਨਿਹੰਗ ਖਾਂ, ਬੀਬੀ ਮੁਮਤਾਜ ਅਤੇ ਭਾਈ ਨਬੀ ਖਾਨ, ਭਾਈ ਗ਼ਨੀ ਖਾਨ

ਗੁਰੂ ਘਰ ਦੇ ਅਨੇਕਾਂ ਸ਼ਰਧਾਲੂ ਸਨ, ਜਿਨ੍ਹਾਂ ਦਾ ਧਰਮ ਹੋਰ ਸੀ ਪਰ ਉਨ੍ਹਾਂ ਜਾਨ ਦੀ ਪਰਵਾਹ ਕੀਤੇ ਬਿਨਾ ਗੁਰੂ ਸਾਹਿਬ ਦੀ ਔਖੇ ਸਮੇਂ ਮਦਦ ਕੀਤੀ। ਉਨ੍ਹਾਂ 'ਚੋਂ ਇੱਕ ਪਰਿਵਾਰ ਸੀ; ਚੌਧਰੀ ਨਿਹੰਗ ਖਾਂ ਅਤੇ ਉਸਦੀ ਬੇਟੀ ਬੀਬੀ ਮੁਮਤਾਜ। ਗੁਰੂ ਸਾਹਿਬ ਨੂੰ ਉੱਚ ਦਾ ਪੀਰ ਬਣਾ ਕੇ ਲਿਜਾਣ ਵਾਲੇ ਭਾਈ ਨਬੀ-ਭਾਈ ਗ਼ਨੀ ਖਾਨ ਚੌਧਰੀ ਨਿਹੰਗ ਖਾਂ ਦੇ ਭਾਣਜੇ ਸਨ।

ਇਹ ਪਰਿਵਾਰ ਪੀੜ੍ਹੀਆਂ ਤੋਂ ਗੁਰੂ ਘਰ ਦਾ ਸੇਵਕ ਸੀ ਤੇ ਸੱਤ ਗੁਰੂ ਸਹਿਬਾਨ ਨੇ ਇਹਨਾਂ ਦੇ ਘਰ ਚਰਨ ਪਾਏ ਸਨ। ਨਿਹੰਗ ਖਾਂ ਪਠਾਣ ਸ਼ਾਹ ਸੁਲੇਮਾਨ ਗਜ਼ਨਵੀ ਦੀ ਕੁਲ ਵਿਚੋਂ ਨੌਰੰਗ ਖਾਂ ਦਾ ਪੁੱਤਰ ਸੀ, ਜਿਸਦੀ ਪਤਨੀ ਜ਼ੈਨਾ ਬੇਗਮ, ਪੁੱਤਰ ਆਲਮ ਖਾਂ ਤੇ ਪੁੱਤਰੀ ਮੁਮਤਾਜ ਗੁਰੂ ਜੀ ਦੇ ਚੰਗੇ ਪ੍ਰੇਮੀ ਸਨ।

ਇਨ੍ਹਾਂ ਵਿੱਚ ਸ਼ਰਧਾ ਦਾ ਮੁੱਢਲਾ ਕਾਰਨ ਇਹ ਸੀ ਕਿ ਨੌਰੰਗ ਖਾਂ ਦਾ ਪਿਤਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਮੁਰੀਦ ਸੀ। ਇਸ ਦੇ ਘਰ ਵਿੱਚ ਸ਼ਰਧਾ, ਲਗਨ ਤੇ ਪਿਆਰ ਸੀ। ਫਿਰ ਨੌਰੰਗ ਖਾਂ ਤੇ ਨਿਹੰਗ ਖਾਂ ਪਿਉ-ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਆ ਕੇ ਚੰਗੀ ਨਸਲ ਦੇ ਘੋੜੇ ਲਿਆ ਕੇ ਦਿਆ ਕਰਦੇ ਸਨ।

ਸਿੱਖ ਇਤਿਹਾਸ ਅਨੁਸਾਰ ਜਦੋਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਸਾ ਨਦੀ ਪਾਰ ਕਰਕੇ ਪਹਾੜੀ ਰਾਜਿਆਂ ਅਤੇ ਮੁਗਲ ਫੌਜ ਨਾਲ ਜੰਗ ਲੜਦੇ ਹੋਏ ਰੋਪੜ ਕੋਲ ਪਠਾਣਾਂ ਦੇ ਭੱਠੇ ਪਾਸ ਪਹੁੰਚੇ ਤੇ ਆਪਣੇ ਨੀਲੇ ਘੋੜੇ ਦੇ ਪੌੜਾਂ ਨਾਲ ਭੱਠਾ ਠੰਢਾ ਕੀਤਾ ਸੀ। ਇੱਥੇ ਗੁਰਦੁਆਰਾ ਭੱਠਾ ਸਾਹਿਬ ਬਣਿਆ ਹੋਇਆ ਹੈ।

ਬਾਅਦ ਵਿੱਚ ਭੱਠੇ ਦਾ ਮਾਲਕ ਚੌਧਰੀ ਪਠਾਣ ਨਿਹੰਗ ਖਾਂ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਸੂਚਨਾ ਮਿਲਦੇ ਹੀ ਉਨ੍ਹਾਂ ਨੂੰ ਆਪਣੇ ਕਿਲ੍ਹੇ ਵਿੱਚ ਲੈ ਗਿਆ। ਕਿਸੇ ਚੁਗਲ (ਟਾਊਟ) ਨੇ ਰੋਪੜ ਦੇ ਕੋਤਵਾਲ ਚੌਧਰੀ ਜ਼ਾਫਰ ਅਲੀ ਖਾਂ ਪਾਸ ਚੁਗਲੀ ਕੀਤੀ ਕਿ ਨਿਹੰਗ ਖਾਂ ਦੇ ਪਾਸ ਕੁਝ ਸਿੱਖ ਉਤਰੇ ਹੋਏ ਹਨ। ਸਵੇਰੇ ਤੜਕੇ ਹੀ ਮੁਗਲ ਫੌਜ ਨੇ ਕਿਲ੍ਹੇ ਦੀ ਘੇਰਾਬੰਦੀ ਕਰ ਲਈ ਜਦਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇਰ ਰਾਤ ਕਿਲੇ 'ਚੋਂ ਚਲੇ ਗਏ ਸਨ।

ਸਾਰੇ ਕਿਲ੍ਹੇ ਦੀ ਤਲਾਸ਼ੀ ਲੈਣ ਪਿੱਛੋਂ ਕੇਵਲ ਇਕ ਕਮਰਾ ਹੀ ਬਾਕੀ ਰਹਿ ਗਿਆ ਸੀ, ਜਿਸ ਵਿੱਚ ਜ਼ਖਮੀ ਹੋਇਆ ਭਾਈ ਬਚਿੱਤਰ ਸਿੰਘ ਤੇ ਪਠਾਣ ਦੀ ਲੜਕੀ ਮੁਮਤਾਜ ਇਸ ਦੀ ਸੇਵਾ ਵਿੱਚ ਸੀ। ਕੋਤਵਾਲ ਇਸ ਕਮਰੇ ਪਾਸ ਗਿਆ ਤੇ ਅੱਗੋਂ ਨਿਹੰਗ ਖਾਂ ਨੇ ਕਿਹਾ ਕਿ ਇਸ ਕਮਰੇ ਵਿੱਚ ਮੇਰੀ ਲੜਕੀ ਤੇ ਦਾਮਾਦ ਹਨ। ਇਹ ਸੁਣ ਕੇ ਮੁਗਲ ਫੌਜ ਗੁਸਤਾਖੀ ਮਾਫ ਕਹਿ ਕੇ ਕਿਲ੍ਹੇ ਤੋਂ ਵਾਪਸ ਚਲੀ ਗਈ।

ਅਗਲੀ ਸਵੇਰ ਬੀਬੀ ਮੁਮਤਾਜ ਨੇ ਆਪਣੇ ਪਿਤਾ ਨਿਹੰਗ ਖਾਂ ਨੂੰ ਬੇਨਤੀ ਕੀਤੀ ਕਿ ਉਹ ਸਾਰੀ ਉਮਰ ਗੁਰੂਘਰ ਦੀ ਸੇਵਾ ਸਿਮਰਨ ਵਿੱਚ ਗੁਜ਼ਾਰਨਾ ਚਾਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਬੀਬੀ ਮੁਮਤਾਜ ਦੀ ਬੇਨਤੀ ਉੱਤੇ ਉਨ੍ਹਾਂ ਨੂੰ ਗਾਤਰਾ ਤੇ ਕ੍ਰਿਪਾਨ ਭੇਟ ਕੀਤੀ ਸੀ। ਗੁਰੂ ਨੇ ਵਚਨ ਕੀਤਾ ਕਿ ਮੈਂ ਤੁਹਾਡੇ ਅੰਗ- ਸੰਗ ਰਹਾਂਗਾ। ਇਹ ਕ੍ਰਿਪਾਨ ਤੇ ਕਟਾਰ ਅੱਜ ਕੱਲ ਗੁਰਦੁਆਰਾ ਭੱਠਾ ਸਾਹਿਬ, ਕੋਟਲਾ ਨਿਹੰਗ (ਰੋਪੜ) ਵਿੱਚ ਸੁਸ਼ੋਭਿਤ ਹਨ।

ਚੌਧਰੀ ਨਿਹੰਗ ਖਾਂ ਨੇ ਬੀਬੀ ਮੁਮਤਾਜ ਦੀ ਇੱਛਾ ਅਨੁਸਾਰ ਪਿੰਡ ਨਾਰੰਗ ਬੜੀ ਵਿੱਚ ਉੱਚੀ ਪਹਾੜੀ 'ਤੇ ਕਿਲ੍ਹਾ ਉਸਾਰ ਦਿੱਤਾ, ਜਿੱਥੇ ਉਨ੍ਹਾਂ ਭਗਤੀ ਕੀਤੀ। ਬੀਬੀ ਮੁਮਤਾਜ ਇੱਥੇ ਹੀ ਜੋਤੀ ਜੋਤ ਸਮਾ ਗਏ। ਇਸ ਸਥਾਨ ਉਪਰ ਗੁਰਦੁਆਰਾ ਤਪ ਅਸਥਾਨ ਬੀਬੀ ਮੁਮਤਾਜ ਸੁਸ਼ੋਭਿਤ ਹੈ।

ਚਮਕੌਰ ਦੀ ਗੜ੍ਹੀ 'ਚ ਵੱਡੇ ਸਾਹਿਬਜ਼ਾਦੇ ਅਤੇ ਸਿੰਘ ਸ਼ਹੀਦ ਹੋਣ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਦੇ ਜੰਗਲ 'ਚ ਪੁੱਜੇ। ਗੁਰੂ ਜੀ ਨੇ ਜਿਸ ਬਾਗ ਵਿੱਚ ਖੂਹ ਤੋਂ ਪਾਣੀ ਪੀਤਾ ਤੇ ਟਿੰਡ ਦਾ ਸਰਾਹਣਾ ਲਾ ਕੇ ਜੰਡ ਹੇਠ ਆਰਾਮ ਕੀਤਾ ਸੀ, ਉਥੇ ਅੱਜ-ਕੱਲ੍ਹ ਸ਼ਾਨਦਾਰ ਗੁਰਦੁਆਰਾ ਚਰਨ ਕੰਵਲ ਸਾਹਿਬ ਹੈ।

ਗੁਰੂ ਸਾਹਿਬ ਦੇ ਪਹੁੰਚਣ ਦੀ ਖ਼ਬਰ ਉਨ੍ਹਾਂ ਦੇ ਹਿਤੈਸ਼ੀ ਤੇ ਸ਼ਰਧਾਲੂ ਭਾਈ ਗੁਲਾਬੇ ਤੇ ਭਾਈ ਗ਼ਨੀ ਖਾਨ, ਭਾਈ ਨਬੀ ਖਾਨ ਭਰਾਵਾਂ ਨੂੰ ਮਿਲ ਗਈ ਸੀ। ਉਹ ਗੁਰੂ ਸਾਹਿਬ ਨੂੰ ਭਾਈ ਗੁਲਾਬੇ ਦੇ ਘਰ ਲੈ ਆਏ। ਇਥੇ ਅੱਜ-ਕੱਲ੍ਹ ਗੁਰਦੁਆਰਾ ਚੁਬਾਰਾ ਸਾਹਿਬ ਬਣਿਆ ਹੋਇਆ ਹੈ।

ਭਾਈ ਗੁਲਾਬੇ ਦੇ ਘਰ ਗੁਰੂ ਜੀ ਨੇ ਇਕ ਰਾਤ ਗੁਜ਼ਾਰੀ ਸੀ। ਇਥੇ ਹੀ ਮਾਈ ਹਰਦੇਈ ਨੇ ਆਪਣੇ ਹੱਥੀਂ ਤਿਆਰ ਕੀਤਾ ਚਿੱਟਾ ਪੁਸ਼ਾਕਾ ਗੁਰੂ ਸਾਹਿਬ ਨੂੰ ਅਤਿ ਸ਼ਰਧਾ ਤੇ ਪਿਆਰ-ਸਤਿਕਾਰ ਸਹਿਤ ਭੇਟ ਕੀਤਾ ਸੀ। ਗੁਰੂ ਸਾਹਿਬ ਨੇ ਉਸ ਚੋਲੇ ਨੂੰ ਨੀਲਾ ਰੰਗਵਾ ਕੇ ਪਹਿਨ ਲਿਆ ਸੀ। ਜਿਸ ਮੱਟ ਵਿੱਚ ਇਹ ਚੋਲਾ ਰੰਗਿਆ ਗਿਆ ਸੀ, ਉਹ ਮੱਟ ਹੁਣ ਵੀ ਏਸੇ ਗੁਰਦੁਆਰਾ ਮੱਟ ਸਾਹਿਬ ਵਿੱਚ ਸੁਰੱਖਿਅਤ ਹੈ।ਅਗਲੇ ਦਿਨ ਸ਼ਾਹੀ ਫੌਜਾਂ ਗੁਰੂ ਸਾਹਿਬ ਦਾ ਪਿੱਛਾ ਕਰਦੀਆਂ ਮਾਛੀਵਾੜੇ ਆ ਪੁੱਜੀਆਂ ਸਨ। ਹਾਲਾਤ ਨੂੰ ਵੇਖਦੇ ਹੋਏ ਭਾਈ ਗੁਲਾਬਾ, ਭਾਈ ਗ਼ਨੀ ਖਾਨ ਤੇ ਭਾਈ ਨਬੀ ਖਾਨ ਗੁਰੂ ਸਾਹਿਬ ਨੂੰ ਗੁਲਾਬੇ ਦੇ ਘਰੋਂ ਆਪਣੇ ਘਰ ਲੈ ਆਏ ਸਨ। ਭਾਈ ਗ਼ਨੀ ਖਾਨ- ਭਾਈ ਨਬੀ ਖਾਨ ਦੇ ਘਰ ਵਿੱਚ ਗੁਰਦੁਆਰਾ ਭਾਈ ਗ਼ਨੀ ਖਾਨ- ਭਾਈ ਨਬੀ ਖਾਨ ਬਣਾਇਆ ਗਿਆ ਹੈ।ਗੁਰੂ ਜੀ ਵੱਲੋਂ ਲਿਖਿਆ 'ਹੁਕਮਨਾਮਾ' ਵੀ ਇਸ ਗੁਰਦੁਆਰੇ ਵਿੱਚ ਸਾਂਭਿਆ ਪਿਆ ਹੈ। ਇਸੇ ਪਵਿੱਤਰ ਥਾਂ 'ਤੇ ਭਾਈ ਗੁਲਾਬੇ, ਭਾਈ ਨਬੀ ਖਾਨ- ਭਾਈ ਗ਼ਨੀ ਖਾਨ, ਤਿੰਨ ਪਿਆਰੇ ਸਿੰਘਾਂ, ਸੱਯਦ ਪੀਰ ਮੁਹੰਮਦ ਨੂਰਪੁਰੀ ਤੇ ਪੀਰ ਚਿਰਾਗ ਸ਼ਾਹ ਅਜਮੇਰ ਵਾਲਿਆਂ ਨੇ ਗੁਰੂ ਸਾਹਿਬ ਨੂੰ ਉੱਚ ਦਾ ਪੀਰ ਬਣਾਉਣ ਦਾ ਮਤਾ ਪਾਸ ਕੀਤਾ ਸੀ। ਗੁਰੂ ਸਾਹਿਬ ਨੇ ਸਰਬਤ ਦਾ ਫੈਸਲਾ ਸਵੀਕਾਰ ਕਰਦਿਆਂ ਉੱਚ ਦਾ ਪੀਰ ਬਣਨਾ ਕਬੂਲ ਕਰ ਲਿਆ ਸੀ।

ਗੁਰੂ ਜੀ ਉੱਚ ਦੇ ਪੀਰ ਦੇ ਰੂਪ ਵਿੱਚ ਇਕ ਸੁੰਦਰ ਪਲੰਘ 'ਤੇ ਬਿਰਾਜਮਾਨ ਹੋ ਗਏ। ਪਲੰਘ ਨੂੰ ਭਾਈ ਨਬੀ ਖਾਨ- ਭਾਈ ਗ਼ਨੀ ਖਾਨ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨੇ ਚੁੱਕਿਆ ਹੋਇਆ ਸੀ। ਭਾਈ ਦਇਆ ਸਿੰਘ ਚੌਰ ਕਰ ਰਹੇ ਸਨ। ਜਦ ਇਹ ਨੇਕ ਤੇ ਦਲੇਰ ਇਨਸਾਨ ਫੌਜੀ ਕੈਂਪ ਕੋਲ ਚਲੇ ਗਏ ਤਾਂ ਉਨ੍ਹਾਂ ਨੂੰ ਰੋਕ ਲਿਆ ਗਿਆ।

ਫੌਜਾਂ ਦਾ ਮੁਖੀ ਦਲਾਵਰ ਖਾਂ ਸੀ। ਉਨ੍ਹਾਂ ਦੀ ਪੇਸ਼ੀ ਹੋਈ। ਗੁਰੂ ਸਾਹਿਬ ਦਾ ਉਸ ਨੂੰ ਭੁਲੇਖਾ ਲੱਗ ਚੁੱਕਾ ਸੀ। ਕੁਝ ਪ੍ਰਸ਼ਨ ਹੋਏ। ਨਿਡਰ ਤੇ ਨਿਧੜਕ ਭਰਾਵਾਂ ਨੇ ਆਖਿਆ ਕਿ ਇਹ ਉਨ੍ਹਾਂ ਦੇ ਪੀਰ ਹੀ ਨਹੀਂ, ਸਗੋਂ ਉੱਚ ਦੇ ਪੀਰ ਹਨ।

ਦਲਾਵਰ ਖਾਂ ਜਰਨੈਲ ਨੇ ਸ਼ਨਾਖਤ ਲਈ ਤਿੰਨ ਉੱਘੇ ਮੁਸਲਮਾਨ ਧਾਰਮਿਕ ਆਗੂਆਂ ਕਾਜ਼ੀ ਅਨਾਇਤ ਅਲੀ, ਕਾਜ਼ੀ ਪੀਰ ਮੁਹੰਮਦ ਸਲੋਹ ਵਾਲੇ ਤੇ ਸੱਯਦ ਹਸਨ ਅਲੀ ਮੌਫੂ ਮਾਜਰੀਆ ਨੂੰ ਬੁਲਾਇਆ ਗਿਆ। ਉਨ੍ਹਾਂ ਨੇ ਜ਼ਾਲਮ ਤੇ ਮਜ਼ਲੂਮ ਦੀ ਟੱਕਰ ਵਿਚ ਹੱਕ ਤੇ ਸੱਚ ਦੀ ਪਛਾਣ ਕਰਦਿਆਂ ਜਾਣਬੁੱਝ ਕੇ ਆਖ ਦਿੱਤਾ ਸੀ ਕਿ ਇਹ 'ਉੱਚ ਦੇ ਪੀਰ' ਹਨ।

ਦਲਾਵਰ ਖਾਂ ਦੀ ਤਸੱਲੀ ਨਾ ਹੋਈ। ਫਿਰ ਉਸ ਨੇ ਹਲਾਲ ਖਾਣਾ ਖਾਣ ਲਈ ਕਿਹਾ। ਭਾਈ ਦਇਆ ਸਿੰਘ ਨੇ ਕਿਹਾ, ''ਪੀਰ ਸਾਹਿਬ, ਰੋਜ਼ੇ 'ਤੇ ਹਨ।'' ਦਲਾਵਰ ਖਾਂ ਨੇ ਦੂਜੇ ਸਾਥੀਆਂ ਨੂੰ ਖਾਣੇ ਵਿੱਚ ਸ਼ਰੀਕ ਹੋਣ ਦਾ ਹੁਕਮ ਕੀਤਾ। ਗੁਰੂ ਸਾਹਿਬ ਨੇ ਖਾਣਾ ਖਾਣ ਦੀ ਆਗਿਆ ਦਿੰਦਿਆਂ ਉਨ੍ਹਾਂ ਨੂੰ ਕ੍ਰਿਪਾਨ ਖਾਣੇ ਵਿੱਚ ਫੇਰ ਕੇ ਖਾਣਾ ਛਕ ਲੈਣ ਲਈ ਸਲਾਹ ਦਿੱਤੀ। ਸਾਰੇ ਸਾਥੀਆਂ ਨੇ ਖਾਣੇ ਵਿੱਚ ਕ੍ਰਿਪਾਨ ਫੇਰ ਕੇ ਖਾਣਾ ਛਕ ਲਿਆ।

ਇਸ ਤਰ੍ਹਾਂ ਦਲਾਵਰ ਖਾਂ ਦੀ ਤਸੱਲੀ ਹੋ ਗਈ। ਉਸ ਨੇ ਉੱਚ ਦੇ ਪੀਰ ਨੂੰ ਅਗਾਂਹ ਜਾਣ ਦੀ ਆਗਿਆ ਦੇ ਦਿੱਤੀ। ਇਸ ਪਰਖ ਵਾਲੀ ਥਾਂ 'ਤੇ ਗੁਰਦੁਆਰਾ ਕ੍ਰਿਪਾਨ ਭੇਟ ਬਣਿਆ ਹੋਇਆ ਹੈ। ਇਸ ਨੂੰ ਨਿਹੰਗਾ ਸਿੰਘਾਂ ਦੀ ਛਾਉਣੀ ਵੀ ਕਿਹਾ ਜਾਂਦਾ ਹੈ।



ਬਾਅਦ 'ਚ ਮੁਗਲ ਫੌਜ ਨੂੰ ਭਾਈ ਨਬੀ ਖਾਨ- ਭਾਈ ਗ਼ਨੀ ਖਾਨ ਵਲੋਂ ਗੁਰੂ ਸਾਹਿਬ ਦੀ ਕੀਤੀ ਮੱਦਦ ਬਾਰੇ ਪਤਾ ਲੱਗ ਗਿਆ। ਬਾਬਾ ਮੋਤੀ ਰਾਮ ਮਹਿਰਾ ਅਤੇ ਪਰਿਵਾਰ ਵਾਂਗ ਹੀ ਭਾਈ ਨਬੀ ਖਾਨ- ਭਾਈ ਗ਼ਨੀ ਖਾਨ ਨੂੰ ਵੀ ਕੋਹਲੂ ਵਿਚ ਨਪੀੜਿਆ ਗਿਆ।

ਕਬਰਾਂ ਜਾਂ ਸ਼ਮਸ਼ਾਨ ਘਾਟ ਹਮੇਸ਼ਾਂ ਪਿੰਡੋਂ ਬਾਹਰ ਹੁੰਦੇ ਹਨ ਪਰ ਭਾਈ ਨਬੀ ਖਾਨ- ਭਾਈ ਗ਼ਨੀ ਖਾਨ ਦੀਆਂ ਕਬਰਾਂ, ਜਿੱਥੇ ਉਨਾਂ ਨੂੰ ਕੋਹਲੂ ਵਿਚ ਪੀੜ ਕੇ ਸ਼ਹੀਦ ਕੀਤਾ ਗਿਆ, ਉੱਥੇ ਬਣੀਆਂ। ਹੁਣ ਉੱਥੇ ਗੁਰਦੁਆਰਾ ਬਣਿਆ ਹੋਇਆ ਹੈ, ਜੋ ਮਾਛੀਵਾੜਾ ਸ਼ਹਿਰ ਵਿਚ ਹੈ।

ਇੱਥੇ ਉਹ ਪਲੰਘ ਵੀ ਸੁਭਾਇਮਾਨ ਹੈ, ਜਿਸ ਉਪਰ ਦਸ਼ਮੇਸ਼ ਪਿਤਾ ਨੂੰ ਬਿਠਾ ਕੇ ਇਹ ਮਰਜੀਵੜੇ ਮਾਛੀਵਾੜੇ ਤੋਂ ਲੈ ਕੇ ਗਏ ਸਨ।ਸਾਡੇ 'ਚੋਂ ਬਹੁਤਿਆਂ ਨੂੰ ਇਨ੍ਹਾਂ ਕੁਰਬਾਨੀਆਂ ਬਾਰੇ ਪਤਾ ਨਹੀਂ ਜਾਂ ਭੁੱਲ ਚੁੱਕੇ ਹਾਂ ਜਦਕਿ ਇਨ੍ਹਾਂ ਨੂੰ ਮਹਿਸੂਸ ਕਰਨ ਦੀ ਲੋੜ ਹੈ। ਸਾਡਾ ਫਰਜ਼ ਬਣਦਾ ਹੈ ਕਿ ਸ਼ਹੀਦੀ ਸਾਕੇ ਨੂੰ ਯਾਦ ਕਰਦਿਆਂ ਹਰ ਉਸ ਸ਼ਖਸ ਨੂੰ ਯਾਦ ਕਰੀਏ, ਜਿਸਨੇ ਇਨ੍ਹੀਂ ਦਿਨੀਂ ਗੁਰੂ ਪਰਿਵਾਰ ਲਈ ਹਾਅ ਦਾ ਨਾਅਰਾ ਮਾਰਿਆ ਸੀ, ਮੱਦਦ ਕੀਤੀ ਸੀ। ਗੁਰਦੁਆਰਿਆਂ 'ਚ ਇਨ੍ਹਾਂ ਯੋਧਿਆਂ ਦੀ ਗੱਲ ਕਰੀਏ ਤੇ ਸੀਸ ਝੁਕਾਈਏ।

# ਭਾਈ ਗੁਰਦੇਵ ਸਿੰਘ ਕਾਉਂਕੇ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਜਾਏ ਗਏ ਵਿਸ਼ੇਸ਼ ਦੀਵਾਨ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ, ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਮੌਕੇ ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮੋਤੀ ਨਗਰ ਵਿਖੇ ਸੰਗਤਾਂ ਵੱਲੋਂ ਚੇਤੇ ਕੀਤਾ ਗਿਆ। ਪੰਜਾਬ ਪੁਲਿਸ ਵੱਲੋਂ 1 ਜਨਵਰੀ 1993 ਨੂੰ ਕੋਹ-ਕੋਹ ਕੇ ਸ਼ਹੀਦ ਕੀਤੇ ਗਏ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਸ਼ਹਾਦਤ ਬਾਰੇ ਅੰਮ੍ਰਿਤ ਵੇਲੇ ਪ੍ਰਭਾਤ ਫੇਰੀ ਦੇ ਸੰਬੰਧ ਵਿਚ ਸਜੇ ਵਿਸ਼ੇਸ਼ ਦੀਵਾਨ ਮੌਕੇ ਗੁਰਮਤਿ ਵਿਚਾਰਾਂ ਅਤੇ ਅਰਦਾਸ ਹੋਈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਗੁਰਬਿੰਦਰ ਸਿੰਘ ਨੇ "ਗੁਰਸਿੱਖਾਂ ਵੱਲੋਂ ਪਾਏ ਪੂਰਨਿਆਂ 'ਤੇ ਚਲਣ ਅਤੇ ਸ਼ਹਾਦਤਾਂ ਨੂੰ ਚੇਤੇ ਕਰਨ ਦਾ ਬਲ ਬਖਸ਼ਣ ਦੀ" ਗੁਰੂ ਚਰਨਾਂ ਵਿਚ ਅਰਦਾਸ ਕੀਤੀ। ਇਸ ਬਾਰੇ ਸੰਗਤਾਂ ਨੂੰ ਸੰਬੋਧਿਤ ਕਰਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਰਵਿੰਦਰ ਸਿੰਘ ਬਿੱਟੂ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀਆਂ ਸ਼ਹੀਦੀਆਂ ਦਾ ਪਿਛਲਾ ਹਫਤਾ ਬੀਤੇ ਵਰ੍ਹੇ ਸੰਗਤਾਂ ਨੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਸੀ। ਪਰ ਅੱਜ ਅੰਗਰੇਜ਼ੀ ਸਾਲ ਦੀ ਸ਼ੁਰੂਆਤ ਦੇ ਪਹਿਲੇ ਦਿਨ ਹੀ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਸ਼ਹਾਦਤ ਬਾਰੇ ਸੰਗਤਾਂ ਨੂੰ ਦੱਸਣ ਦੀ ਲੋੜ ਪੈ ਗਈ ਹੈ। ਸਿੱਖ 76 ਸਾਲ ਤੋਂ ਆਪਣੇ ਦੇਸ਼ ਦੇ ਬਾਰਡਰਾਂ ਉਤੇ ਮੁਲਕ ਦੀ ਸਰਹੱਦਾਂ ਦੀ ਰਾਖੀ ਕਰ ਰਹੇ ਹਨ। ਸਰਹੱਦਾਂ ਦੀ ਰਾਖੀ ਕਰਨ ਦੌਰਾਨ ਸਿੱਖਾਂ ਨੇ ਆਪਣੀਆਂ ਜਾਨਾਂ ਵੀ ਵਾਰੀਆਂ ਹਨ। ਪਰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਸ ਮੁਲਕ ਦੀ ਚੜ੍ਹਦੀ ਕਲਾ ਲਈ ਸਿੱਖਾਂ ਨੇ ਆਪਣਾ ਤਨ, ਮੰਨ ਤੇ ਧੰਨ ਲੁਟਾਉਣ ਵਿਚ ਕੋਈ ਕਸਰ ਨਹੀਂ ਛੱਡੀ। ਉਸੇ ਮੁਲਕ ਵਿਚ ਭਾਈ ਗੁਰਦੇਵ ਸਿੰਘ ਕਾਉਂਕੇ ਨਾਲ ਅਣਮਨੁੱਖੀ ਵਤੀਰਾ ਸਰਕਾਰੀ ਮਸੀਨਰੀ ਨੇ ਕੀਤਾ ਹੈ। ਸਿੱਖਾਂ ਨੂੰ ਹੁਣ ਪਤਾ ਚੱਲਿਆ ਹੈ ਕਿ 31 ਸਾਲ ਤੋਂ ਪੁਲਿਸ ਹਿਰਾਸਤ ਤੋਂ ਫ਼ਰਾਰ ਦੱਸੇ ਜਾ ਰਹੇ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਪੁਲਿਸ ਨੇ ਮਾਰ ਮੁਕਾਇਆ ਸੀ। ਜਦਕਿ ਉਨ੍ਹਾਂ ਦਾ ਕੋਈ ਕਸੂਰ ਨਹੀਂ ਸੀ।


Full Cleaning Service

ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ।ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।

ਹੋਰ ਜਾਣਕਾਰੀ ਲਈ ਫੋਨ ਕਰੋ

604-518-4698



THE GRAND TAJ

BANQUET HALL

Khalsa Business Centre, 84th Ave. & 128th St., Surrey



CATERING SERVICE & MUSIC ARRANGEMENT

Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ

ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ

604-599-4342

Fax: 604-599-4818

Email: grandtaj@grandtaj.com

www.grandtaj.com

Our Facilities Are Perfect For:

WEDDINGS * RECEPTION

BIRTHDAY PARTIES

ANNIVERSARIES

CORPORATE FUNCTIONS

BUSINESS MEETINGS

Capacity from 100 to 1200

Ladies Parties Special

# ਕਵਿਤਾਵਾਂ

## ਟਰੱਕ ਡਰਾਈਵਰਾਂ ਦੀ ਹੜਤਾਲ



ਟਰੱਕ ਡਰਾਈਵਰਾਂ ਹੈ ਹੜਤਾਲ ਕੀਤੀ,
ਨਵੇਂ ਕਾਨੂੰਨ ਨੂੰ ਵਾਪਿਸ ਕਰਵਾਉਣ ਦੇ ਲਈ।
ਲਾਪਰਵਾਹੀ ਤੇ ਸੱਤ ਲੱਖ ਜੁਰਮਾਨਾਂ ,
ਅਦਾਲਤ ਚ ਦਸ ਸਾਲ ਸਜਾ ਸੁਨਾਉਣ ਦੇ ਲਈ।
ਡਰਾਈਵਰ ਭੱਜੇ ਨਾ ਹੋਰ ਕੀ ਕਰੇ ਦੱਸੋ ,
ਭੀੜ ਖੜ੍ਹੀ ਹੈ ਮੁਸ਼ਕਾਂ ਲਾਉਣ ਦੇ ਲਈ।
ਢੋਆ ਢੁਆਈ ਦਾ ਕੰਮ ਹੈ ਠੱਪ ਹੋਇਆ,
ਸਰਕਾਰ ਤਿਆਰ ਨਹੀਂ ਕਾਨੂੰਨ ਹਟਾਉਣ ਦੇ ਲਈ।
ਸਾਰੇ ਪੰਪਾਂ ਤੋਂ ਡੀਜ਼ਲ ਪੈਟਰੋਲ ਮੁੱਕਿਆ,
ਲਾਇਨਾਂ ਲੱਗੀਆਂ ਤੇਲ ਭਰਵਾਉਣ ਦੇ ਲਈ।
ਸਕੂਟਰਾਂ ਕਾਰਾਂ ਤੇ ਮੋਟਰਸਾਈਕਲਾਂ ਦੇ,
ਲੋਕ ਮਜਬੂਰ ਸਟੈਂਡ ਲਗਾਉਣ ਦੇ ਲਈ।
ਮਲਕੀਤ ਸਿੰਘਾ ਉਲਝੇ ਮਸਲਿਆਂ ਨੂੰ
ਕੋਈ ਤਿਆਰ ਨਹੀਂ ਨੇਤਾ ਸੁਲਝਾਉਣ ਦੇ ਲਈ।

ਮਲਕੀਤ ਸਿੰਘ

## ਨਵੇਂ ਸਾਲ ਦੀਆਂ ਵਧਾਈਆਂ

ਨਵੇਂ ਸਾਲ ਦੀਆਂ ਵਧਾਈਆਂ,
ਤਾਂ ਹੁਣ ਸਾਂਭ ਨੀਂ ਹੁੰਦੀਆਂ,
ਇੱਕ ਦੀਆਂ ਦੂਜੀ ਨਾ਼ਲ ਨੇ,
ਫਸੀਆਂ ਰੱਜ ਕੇ ਕੁੰਡੀਆਂ।
ਕੋਈ ਕਹਿੰਦਾ ਹੈ ਰੱਬ,
ਤੈਨੂੰ ਹੋਰ ਬਹੁਤਾ ਦੇਵੇ,
ਗਿਣਦਾ ਗਿਣਦਾ ਥੱਕ ਜਾਵੇਂ,
ਪਰ ਨਾ ਮੁੱਕਣ ਹੁੰਡੀਆਂ।
ਕੋਈ ਚਾਹੁੰਦਾ ਹੈ ਮੈਂ ਜੀਵਾਂ,
ਰਹਿੰਦੀ ਦੁਨੀਆ ਤੱਕ,
ਜਵਾਨੀ ਚੜ੍ਹੀ ਰਹੇ ਸਦਾ,
ਮੁੱਛਾਂ ਰਹਿਣ ਕੁੰਢੀਆਂ।
ਸ਼ੁਭਕਾਮਨਾਵਾਂ ਦਾ ਹੜ੍ਹ ਹੈ,
ਸਮਝੋ ਇੰਨਾ ਆਇਆ,
ਇੰਝ ਜਾਪੇ ਜਿਵੇਂ ਹਰ ਪਾਸੇ,
ਗੱਲਾਂ ਮੇਰੀਆਂ ਹੁੰਦੀਆਂ।
ਕਈਆਂ ਨੇ ਤਾਂ ਸਾਲ ਭਰ,
ਮੇਰੀ ਬਾਤ ਨਹੀਂ ਪੁੱਛੀ,
ਹੁਣ ਕਹਿੰਦੇ ਨੇ ਤੇਰੇ ਨਾਲ,
ਵਸੇ ਸਾਡੀ ਦੁਨੀਆ।
ਪਤਾ ਨਹੀਂ ਇਹ ਪਿਆਰੇ,
ਕਿਉਂ ਸਾਲ ਭਰ ਨਹੀਂ ਜਾਗੇ,
ਸਾਰਾ ਸਾਲ ਕਿਉਂ ਨਹੀਂ,
ਕਿਸੇ ਦੀਆਂ ਅੱਖਾਂ ਖੁੱਲ੍ਹੀਆਂ।
ਧੂਮ ਧੜੱਕਾ ਹੱਲਾ ਗੁੱਲਾ,
ਚਲਾ ਚਲਾ ਪਟਾਕੇ,
ਪਲੀਤ ਕੀਤਾ ਅਸਮਾਨ,
ਛੱਡ ਛੱਡ ਕਈ ਛੁਰਲੀਆਂ।
ਧੌਂਸ ਜਮਾਉਂਦੇ ਇੱਦਾਂ,
ਜਿੱਦਾਂ ਸਭ ਮੇਰੇ ਲਈ ਕਰਦੇ,
ਇਸ ਚਕਾਚੌਂਧ ਨੇ ਕੀਤੀਆਂ,
ਮੇਰੀਆਂ ਅੱਖਾਂ ਚੁੰਨ੍ਹੀਆਂ।
ਕਿਸ ਨੂੰ ਕੀ ਸਮਝਾਵਾਂ,
ਇਹ ਸਭ ਵਹਿਮ ਨੇ ਸਾਰੇ,
ਫੋਕੀਆਂ ਨੇ ਸਭ ਗੱਲਾਂ,
ਜਿਹੜੀਆਂ ਕਿਸੇ ਨੀਂ ਭੁੱਲੀਆਂ।
ਨਾ ਹੁੰਦੀਆਂ ਮਨ ਕਤੀਆਂ,
ਨਾ ਲੱਗਦੇ ਭਾਗ ਪਰਾਏ,
ਮੇਰੀਆਂ ਤੰਦਾਂ ਉਹ ਰਹਿਣੀਆਂ,
ਜੋ ਮੈਂ ਖੁਦ ਹੀ ਬੁਣੀਆਂ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ ਕੇ

## ਕੰਧੇ ਨੀ ਸਰਹੰਦ ਦੀਏ !

ਕੰਧੇ ਨੀ ਸਰਹੰਦ ਦੀਏ, ਕੁੱਝ ਤਾਂ ਮੂੰਹੋਂ ਬੋਲ,
ਗੁੱਝੇ ਭੇਦ ਅਤੀਤ ਦੇ, ਜ਼ਰਾ ਫਿਰ ਤੋਂ ਖੋਲ੍ਹ।
ਤੇਰੇ ਅੰਦਰ ਕੀ ਸਮਾਇਆ, ਤੂੰ ਭਲੇ ਹੀ ਜਾਣੇ,
ਤੇਰੇ ਜ਼ਰੇ ਜ਼ਰੇ ਨਹੀਂ, ਇਤਿਹਾਸ ਤੋਂ ਅਣਜਾਣੇ।
ਤੇਰੀਆਂ ਇੱਟਾਂ ਦਾ ਰੰਗ ਲਾਲ, ਐਵੇਂ ਨਹੀਂ ਹੋਇਆ,
ਇਸ ਵਿੱਚ ਮਾਸੂਮ ਲਾਲਾਂ ਦਾ, ਹੈ ਖ਼ੂਨ ਸਮੋਇਆ।
ਜਿਨ੍ਹਾਂ ਨੇ ਹੱਕ 'ਤੇ ਸੱਚ ਲਈ, ਜੈਕਾਰੇ ਛੱਡ ਕੇ,
ਬਲੀਦਾਨ ਸੀ ਆਪਣੇ ਦਿੱਤੇ, ਸਭ ਲਾਲਚ ਤੱਜ ਕੇ।
ਮਹਾਨ ਨਿੱਕੀਆਂ ਜਿੰਦਾਂ ਨੇ, ਹਿਲਾ ਦਿੱਤੇ ਮੀਨਾਰੇ,
ਮਲੀਆਮੇਟ ਕਰ ਦਿੱਤੇ, ਰਹਿੰਦੀ ਦੁਨੀਆ ਤੱਕ ਸਾਰੇ।
ਗਵਾਹ ਨੇ ਤੇਰੇ ਹੱਕ ਵਿੱਚ, ਕਈ ਅਨੋਖੇ ਦਾਨੀ,
ਜਿਨ੍ਹਾਂ ਨੇ ਸਭ ਕੁੱਝ ਵਾਰ ਕੇ, ਦਿੱਤੀ ਕੁਰਬਾਨੀ।
ਕਈ ਮਰਜੀਵੜੇ ਨਿੱਤਰੇ, ਇਤਿਹਾਸ ਦੇ ਮੋਤੀ,
ਜਗਾਈ ਰੱਖੀ ਜਿਨ੍ਹਾਂ ਨੇ, ਵਫ਼ਾ ਦੀ ਜੋਤੀ।
ਤੈਨੂੰ ਨਤਮਸਤਕ ਹੋਣ ਲਈ, ਕਈ ਆਏ ਬਹਾਦਰ,
ਬੰਦ ਬੰਦ ਕਟਵਾ ਗਏ, ਸੁੱਚੀ ਅਣਖ ਦੀ ਖ਼ਾਤਰ।
ਸ਼ਾਲਾ ਤੇਰੀ ਸ਼ਾਨ ਸਦਾ, ਰਹੇ ਜੱਗ 'ਤੇ ਉੱਚੀ,
ਸੁਣਦੀ ਰਹੇ ਸਿੱਖ ਕੌਮ, ਤੇਰੀ ਦਾਸਤਾਂ ਅਦੁੱਤੀ।
ਕੰਧੇ ਨੀ ਸਰਹੰਦ ਦੀਏ, ਕੁੱਝ ਤਾਂ ਮੂੰਹੋਂ ਬੋਲ,
ਗੁੱਝੇ ਭੇਦ ਅਤੀਤ ਦੇ, ਜ਼ਰਾ ਫਿਰ ਤੋਂ ਖੋਲ੍ਹ।

–ਰਵਿੰਦਰ ਸਿੰਘ ਕੁੰਦਰਾ ਕਵੈਂਟਰੀ ਯੂ ਕੇ







# FRASERVIEW MEATS

The Name of Guaranteed Quality Meats



Number One Quality Meat in Lower Mainland

We also sell cooked chicken
We take orders for all occassion

Serving You Since 1993



Jagir S. Nagra

Try our Special Chicken Tikkar

**604-592-2900**

#102-12047-80th Ave. Surrey (Besides Mega Fruticana)
www.fraserviewmeats.com

# Rai EXPRESS LINES LTD.



## Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ
ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।
Special Sale
3 PCS Set
$1150
2 PCS SOFA & LOVE SEAT
$1550
2 PCS SOFA & LOVE SEAT
$1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ

# LANGLEY
## BANQUET HALL



ਵਿਆਹ-ਸ਼ਾਦੀ, ਜਨਮ ਦਿਨ
ਜਾ ਹੋਰ ਕਿਸੇ ਵੀ ਖੁਸ਼ੀ ਦੇ
ਮੌਕੇ 'ਤੇ ਪਾਰਟੀ ਆਦਿ ਲਈ
**ਲੈਂਗਲੀ ਬੈਂਕੁਇਟ ਹਾਲ**
ਬੁੱਕ ਕਰੋ।

- Wedding • Corporate Events
- Private Dinner • Bithday Parties
- Gurudwara and Live Catering

ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ
ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।

Call:Davinder Grewal
**604-537-9759**
info@langleybanquethall.com
3227 264 St UNIT #6, Aldergrove, BC V4W 2X3



# ਇੰਡੋ-ਕੈਨੇਡਾ ਟਰੈਵਲ ਏਜੰਸੀ
## INDO CANADA TRAVEL AGENCY



**ਘੱਟ ਕਿਰਾਇਆ - ਸਹੀ ਸਲਾਹ**
*Best Airfares with Quality Assistance*

ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ
ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ

+1 604 388 9696 , 604 503 8011
#217-8028-128St, Surrey, BC
(Little India Plaza) (Second Floor)



# .Ck Auto.
## CK AUTO SERVICES LTD.




SALE
BUY 4 TIRES & GET
ALLIGNMENT AT 1/2 PRICE
FLAT TYRE REPAIR FREE

NEW



40% off
ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

*Clearance Sale*
*Limited Quantity

On All Seasons & Winter Tires
(Auplus & Comforser)

215/70R16
COMFORSER
Reg: ~~$155.00~~
Now : $70.00



235/65R17
COMFORSER
Reg: ~~$220.00~~
Now : $95.00



245/65R17
COMFORSER
Reg: ~~$240.00~~
Now : $100.00



215/70R15
GOOD YEAR INTEGRITY
Reg: ~~$120.00~~
Now : $90.00



SALE
**Comforser**
Size: 205/60/16
Reg Price:~~$110~~
Sale Price : $55



**Auplus**
Size: 205/60/16
Reg Price:~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ
ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**Cell: 778-322-1610, Tel: 604-592-2667** #106-13112-84th Ave.,Surrey